ਸਚਿੱਤਰ ਜੀਵਨ ਸਾਖੀਆਂ

# ਗੁਰੂ ਅੰਗਦ ਦੇਵ ਜੀ
# ਗੁਰੂ ਅਮਰਦਾਸ ਜੀ
# ਗੁਰੂ ਰਾਮਦਾਸ ਜੀ



ਡਾ. ਅਜੀਤ ਸਿੰਘ ਔਲਖ

ੴ ਸਤਿਗੁਰ ਪ੍ਰਸਾਦਿ॥

ਸਚਿੱਤਰ ਜੀਵਨ ਸਾਖੀਆਂ

# ਸ੍ਰੀ ਗੁਰੂ ਅੰਗਦ ਦੇਵ ਜੀ
# ਸ੍ਰੀ ਗੁਰੂ ਅਮਰ ਦਾਸ ਜੀ
# ਸ੍ਰੀ ਗੁਰੂ ਰਾਮ ਦਾਸ ਜੀ

ਡਾ. ਅਜੀਤ ਸਿੰਘ ਔਲਖ
ਐਮ.ਏ.ਪੀ-ਐਚ.ਡੀ.

ISO 9001:2008 Certified Publishing House

*Mob.: 98117 91111 ◊98114 91111
ਧਾਰਮਿਕ ਪੁਸਤਕਾਂ ਤੇ ਬਾਬਾ ਜੀ ਦੇ ਰੁਮਾਲ ਸਾਹਿਬ ਦਾ ਨਿਵੇਕਲਾ ਸ਼ੋਅਰੂਮ
**ਭਾਈ ਚਤਰ ਸਿੰਘ ਐਂਡ ਕੋ.**
ਪੁਸਤਕਾਂ ਵਾਲੇ (ਅੰਮ੍ਰਿਤਸਰ ਵਾਲੇ)
* ਡੀ-118, ਫਤਿਹ ਨਗਰ, ਜੇਲ ਰੋਡ, ਨਵੀ ਦਿੱਲੀ-18
(ਨਜਦੀਕ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਸਾਹਿਬ ਜੀ)
◊1687 ਕੂਚਾ ਜੱਟ ਮਲ, ਦਰੀਬਾ ਕਲਾਂ, ਦਿੱਲੀ-6

© ਪ੍ਰਕਾਸ਼ਕ

ISBN 81-7601-269-6

ਪਹਿਲੀ ਐਡੀਸ਼ਨ 1999

ਪੰਜਵੀਂ ਐਡੀਸ਼ਨ ਦਸੰਬਰ 2008

ਭੇਟਾ : 120/-

An ISO 9001:2008 Certified Publishing House
No. 101809-A01
Estd. 1880

**ਭਾ: ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਫੋਨ : (0183) 2542346, 2547974 ਫੈਕਸ : 5017488

Email : csjssales@hotmail.com, csjspurchase@yahoo.com Website : www.csjs.com

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ। ਫੋਨ : 2705003, 5095774



# ਸ੍ਰੀ ਗੁਰੂ ਅੰਗਦ ਦੇਵ ਜੀ

# ਆਰੰਭਕ ਜੀਵਨ

ਗੁਰੂ ਅੰਗਦ ਦੇਵ ਜੀ ਦਾ ਉਨ੍ਹਾਂ ਦੇ ਮਾਪਿਆਂ ਵਲੋਂ ਰਖਿਆ ਗਿਆ ਪਹਿਲਾ ਨਾਂ ਭਾਈ ਲਹਿਣਾ ਜੀ ਸੀ। ਆਪ ਜੀ ਦਾ ਜਨਮ ੩੧ ਮਾਰਚ ੧੫੦੪ ਈ. ਨੂੰ ਪਿੰਡ ਮੱਤੇ ਦੀ ਸਰਾਂ ਤਹਿਸੀਲ ਮੁਕਤਸਰ ਜ਼ਿਲ੍ਹਾ ਫੀਰੋਜ਼ਪੁਰ (ਅਜ ਕਲ ਜ਼ਿਲ੍ਹਾ ਮੁਕਤਸਰ) ਵਿਚ ਹੋਇਆ। ਆਪ ਦੇ ਪਿਤਾ ਜੀ ਭਾਈ ਫੇਰੂ ਮਲ ਜੀ ਚੰਗੇ ਸ਼ਾਹੂਕਾਰ ਸਨ ਅਤੇ ਫਿਰੋਜ਼ਪੁਰ ਦੇ ਹਾਕਮ ਦੇ ਮੁਨੀਮੀ ਦਾ ਕੰਮ ਕਰਦੇ ਸਨ। ਚੰਗੇ ਪੜ੍ਹੇ ਲਿਖੇ ਅਤੇ ਵਿਦਵਾਨ ਹੋਣ ਕਰਕੇ ਉਨ੍ਹਾਂ ਦਾ ਸਾਰੇ ਇਲਾਕੇ ਵਿਚ ਬੜਾ ਰਸੂਖ ਸੀ। ਬੜੇ ਮਿੱਠੇ ਅਤੇ ਮਿਲਾਪੜੇ ਸੁਭਾਅ ਦੇ ਹੋਣ ਕਰਕੇ ਉਨ੍ਹਾਂ ਦੇ ਘਰ ਸਦਾ ਰੌਣਕਾਂ ਲਗੀਆਂ ਰਹਿੰਦੀਆਂ। ਜਿਸ ਨੂੰ ਵੀ ਕੋਈ ਮੁਸ਼ਕਲ ਪੇਸ਼ ਆਉਂਦੀ ਆਪ ਜੀ ਪਾਸ ਆ ਬੇਨਤੀ ਕਰਦਾ।

ਜਦ ਭਾਈ ਲਹਿਣਾ ਜੀ ਨੇ ਅਵਤਾਰ ਧਾਰਿਆ ਤਾਂ ਸਾਰੇ ਇਲਾਕੇ ਵਿਚ ਖੁਸ਼ੀਆਂ ਮਨਾਈਆਂ ਗਈਆਂ। ਭਾਈ ਫੇਰੂ ਮਲ ਜੀ ਧਾਰਮਿਕ ਖਿਆਲਾਂ ਦੇ ਸਨ ਅਤੇ ਦੇਵੀ ਦੁਰਗਾ ਦੇ ਉਪਾਸ਼ਕ ਸਨ। ਉਨ੍ਹਾਂ ਦੇ ਘਰ ਵਿਚ ਦੇਵੀ ਮਾਤਾ ਦੀ ਸ਼ਲਾਘਾ ਵਿਚ ਭਜਨ ਗਾਏ ਜਾਂਦੇ ਸਨ ਅਤੇ ਉਹ ਹਰ ਸਾਲ ਆਪਣੇ ਸਤਸੰਗੀਆਂ ਦਾ ਜੱਥਾ ਲੈ ਕੇ ਜਵਾਲਾਮੁਖੀ ਜਾਂਦੇ ਸਨ। ਸਾਰੇ ਸਤਸੰਗੀ ਸੁੰਦਰ ਬੱਚੇ ਨੂੰ ਵੇਖ ਕੇ ਦੇਵੀ ਮਾਤਾ ਦੀ ਅਪਾਰ ਕਿਰਪਾ ਦੱਸ ਰਹੇ ਸਨ। ਪੰਡਤ ਲੋਕ ਇਹ ਵੀ ਭਵਿਖ ਬਾਣੀ ਕਰ ਰਹੇ ਸਨ ਕਿ ਉਹ ਵੱਡੇ ਹੋ ਕੇ ਸ਼੍ਰੋਮਣੀ ਭਗਤ ਬਣਨਗੇ।

ਜਦ ਭਾਈ ਲਹਿਣਾ ਜੀ ਵੱਡੇ ਹੋਏ ਤਾਂ ਉਨ੍ਹਾਂ ਦੀ ਪੜ੍ਹਾਈ ਦਾ ਉਚੇਚਾ ਪ੍ਰਬੰਧ ਕੀਤਾ ਗਿਆ। ਭਾਈ ਫੇਰੂ ਮਲ ਜੀ ਜਿਵੇਂ ਕਿ ਆਪ ਚੰਗੇ ਪੜ੍ਹੇ ਲਿਖੇ ਸਨ ਇਸ ਲਈ ਆਪਣੇ ਪੁੱਤਰ ਨੂੰ ਹਰ ਪ੍ਰਕਾਰ ਦੀ ਵਿਦਿਆ ਪੜ੍ਹਾਈ।

ਜਦ ਭਾਈ ਲਹਿਣਾ ਜੀ ਜਵਾਨ ਹੋ ਗਏ ਤਾਂ ਆਪ ਜੀ ਦਾ ਵਿਆਹ ਪਿੰਡ ਸੰਘਰ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸ੍ਰੀ ਦੇਵੀ ਚੰਦ ਦੀ ਸਪੁੱਤਰੀ ਖੀਵੀ ਜੀ ਨਾਲ ਕਰ ਦਿੱਤਾ।

ਭਾਈ ਲਹਿਣਾ ਜੀ ਦੇ ਵਿਆਹ ਤੋਂ ਥੋੜਾ ਸਮਾਂ ਬਾਅਦ ਭਾਈ ਫੇਰੂ ਮਲ ਦੀ ਮੁਸਲਮਾਨ ਹਾਕਮ ਨਾਲ ਵਿਗੜ ਗਈ ਅਤੇ ਉਹ ਆਪਣੇ ਪਰਿਵਾਰ ਸਹਿਤ ਪਹਿਲਾਂ ਹਰੀ ਕੇ ਪਤਣ ਅਤੇ ਫਿਰ ਆਪਣੇ ਕੁੜਮਾਂ ਦੇ ਪਿੰਡ ਸੰਘਰ ਵਿਖੇ ਆ ਵਸੇ। ਏਥੇ ਆ ਕੇ ਵੀ ਉਨ੍ਹਾਂ ਆਪਣੇ ਸ਼ਾਹੂਕਾਰੇ ਦਾ ਕੰਮ ਚਲਾ ਲਿਆ ਅਤੇ ਕੁਝ ਸਮੇਂ ਵਿਚ ਸਾਰੇ ਇਲਾਕੇ ਵਿਚ ਪ੍ਰਸਿੱਧ ਹੋ ਗਏ। ਇਥੋਂ ਵੀ ਉਹ ਹਰ ਸਾਲ ਜੱਥਾ ਲੈ ਕੇ ਦੇਵੀ ਮਾਤਾ ਦੇ ਦਰਸ਼ਨਾਂ ਨੂੰ ਜਾਂਦੇ। ਭਾਈ ਲਹਿਣਾ ਜੀ ਵੀ ਕਈ ਵਾਰ ਆਪਣੇ ਪਿਤਾ ਦੇ ਜੱਥੇ ਨਾਲ ਦੇਵੀ ਦਰਸ਼ਨਾਂ ਨੂੰ ਜਾਂਦੇ ਸਨ ਅਤੇ ਦੇਵੀ ਉਪਾਸ਼ਕ ਬਣ ਗਏ।

ਸੰਨ ੧੫੨੬ ਈ. ਵਿਚ ਭਾਈ ਫੇਰੂ ਮਲ ਜੀ ਰਬ ਨੂੰ ਪਿਆਰੇ ਹੋ ਗਏ ਤਾਂ ਭਾਈ ਲਹਿਣਾ ਜੀ ਜੱਥੇ ਦੇ ਮੁਖੀ ਬਣ ਗਏ। ਪਰ ਦੇਵੀ ਦੇ ਦਰਸ਼ਨ ਕਰਕੇ ਜਾਂ ਦੇਵੀ ਉਪਮਾ ਵਿਚ ਭਜ਼ਨ ਗਾ ਕੇ ਉਨ੍ਹਾਂ ਨੂੰ ਤਸੱਲੀ ਨਹੀਂ ਸੀ ਹੁੰਦੀ। ਉਹ ਹਰ ਵੇਲੇ ਕੁਝ ਊਣਾ ਊਣਾ ਅਨਭਵ ਕਰਦੇ ਸਨ। ਦੇਵੀ ਮਾਤਾ

ਦੀ ਭਗਤੀ ਕਰਨ ਨਾਲ ਉਨ੍ਹਾਂ ਨੂੰ ਪ੍ਰਭੂ ਮਿਲਾਪ ਦੀ ਆਸ ਨਜ਼ਰ ਨਹੀਂ ਸੀ ਆਉਂਦੀ। ਇਸ ਲਈ ਆਮ ਤੌਰ ਤੇ ਉਹ ਸਾਧੂਆਂ ਮਹਾਤਮਾਵਾਂ ਨੂੰ ਮਿਲਦੇ ਰਹਿੰਦੇ ਅਤੇ ਪ੍ਰਭੂ ਭਗਤੀ ਦੇ ਅਸਲ ਰਾਹ ਬਾਰੇ ਪੁਛਦੇ ਰਹਿੰਦੇ। ਪਰ ਇਕ ਦਿਨ ਜਿਵੇਂ ਅਚਣਚੇਤ ਹੀ ਉਨ੍ਹਾਂ ਦੇ ਮਨ ਦੇ ਕਪਾਟ ਖੁਲ੍ਹ ਗਏ। ਉਨ੍ਹਾਂ ਦਾ ਇਕ ਅਜਿਹੇ ਵਿਅਕਤੀ ਨਾਲ ਮੇਲ ਹੋ ਗਿਆ ਜਿਹੜਾ ਇਕ ਸੱਚੇ ਗੁਰੂ ਦਾ ਸਿੱਖ ਸੀ ਅਤੇ ਉਨ੍ਹਾਂ ਦੇ ਪਿੰਡ ਦਾ ਹੀ ਰਹਿਣ ਵਾਲਾ ਸੀ। ਹਰ ਮਨੁੱਖ ਦੀ ਜ਼ਿੰਦਗੀ ਵਿਚ ਕਈ ਵਾਰ ਐਸੇ ਮੋੜ ਆਉਂਦੇ ਹਨ ਕਿ ਉਹ ਯਕਲਖਤ ਕੱਖ ਤੋਂ ਲੱਖ ਬਣ ਜਾਂਦਾ ਹੈ। ਭਾਈ ਲਹਿਣਾ ਜੀ ਦੀ ਜ਼ਿੰਦਗੀ ਵਿਚ ਵੀ ਅਜਿਹੀ ਵਿਲੱਖਣ ਘਟਨਾ ਵਾਪਰੀ ਜਿਹੜੀ ਉਨ੍ਹਾਂ ਨੂੰ ਇਕ ਸਾਧਾਰਨ ਵਿਅਕਤੀ ਤੋਂ ਪੂਜਨੀਕ ਸੱਚੇ ਪਾਤਸ਼ਾਹ ਬਣਾ ਗਈ।



# ਗੁਰੂ ਦਾ ਸ਼ਬਦ ਸੁਣਿਆ

ਆਪ ਜੀ ਰੋਜ਼ ਸਵੇਰੇ ਪਿੰਡ ਦੇ ਟੋਭੇ ਵਿਚ ਇਸ਼ਨਾਨ ਕਰਨ ਜਾਇਆ ਕਰਦੇ ਸਨ। ਇਕ ਦਿਨ ਜਦ ਉਹ ਇਸ਼ਨਾਨ ਕਰਨ ਗਏ ਤਾਂ ਉਨ੍ਹਾਂ ਇਕ ਵਿਅਕਤੀ ਨੂੰ ਇਸ਼ਨਾਨ ਕਰਦੇ ਵੇਖਿਆ। ਉਹ ਵਿਅਕਤੀ ਉੱਚੀ ਉੱਚੀ ਬੜੀ ਸੁਰੀਲੀ ਸੁਰ ਵਿਚ ਬਾਣੀ ਪੜ੍ਹ ਰਿਹਾ ਸੀ। ਭਾਈ ਲਹਿਣਾ ਜੀ ਏਨੀਂ ਮਧੁਰ ਬਾਣੀ ਸੁਣ ਕੇ ਜਿਵੇਂ ਕੀਲੇ ਗਏ। ਉਹ ਝਟ ਉਸ ਵਿਅਕਤੀ ਦੇ ਪਾਸ ਪੁੱਜੇ। ਨੇੜੇ ਜਾ ਕੇ ਉਨ੍ਹਾਂ ਵੇਖਿਆ ਕਿ ਭਾਈ ਜੋਧ ਆਸਾ ਦੀ ਵਾਰ ਦੀ ਇਕੀਵੀਂ ਪਉੜੀ ਦਾ ਪਾਠ ਕਰ ਰਿਹਾ ਸੀ:

"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ ॥ ੨੧॥

ਭਾਈ ਲਹਿਣਾ ਜੀ ਨੇ ਅਜਿਹੀ ਬਾਣੀ ਪਹਿਲਾਂ ਕਿਤੇ ਸੁਣੀ ਨਹੀਂ ਸੀ। ਉਹ ਤਾਂ ਕੇਵਲ ਦੇਵੀ ਦੀਆਂ ਭੇਟਾਂ ਹੀ ਸੁਣਦੇ ਸਨ ਜਾਂ ਆਪ ਗਾਉਂਦੇ ਸਨ। ਉਨ੍ਹਾਂ ਦੀ ਆਪਣੀ ਆਵਾਜ਼ ਬੜੀ ਸੁਰੀਲੀ ਸੀ ਤੇ ਉਨ੍ਹਾਂ ਪਾਸੋਂ ਭਜਨ ਸੁਣ ਕੇ ਦੇਵੀ ਮਾਤਾ ਦੀਆਂ ਸੰਗਤਾਂ ਨਿਹਾਲ ਹੋ ਜਾਂਦੀਆਂ ਸਨ। ਪਰ ਭਾਈ ਜੋਧ ਜੀ ਜੋ ਗੁਰੂ ਨਾਨਕ ਸਾਹਿਬ ਦੀ ਬਾਣੀ ਪੜ੍ਹਦੇ ਸਨ; ਦੀ ਉਸ ਬਾਣੀ ਸਾਹਮਣੇ ਦੇਵੀ ਮਾਤਾ ਦੇ ਭਜਨ ਉਨ੍ਹਾਂ ਨੂੰ ਫਿੱਕੇ ਫਿੱਕੇ ਲੱਗੇ। ਭਾਈ ਜੋਧ ਪਾਸ ਜਾ ਕੇ ਉਹ ਬੜੀ ਨਿਮਰਤਾ ਨਾਲ ਬੋਲੇ, "ਭਾਈ ਜੋਧ ਜੀ ਇਹ ਭਜਨ ਤੁਸਾਂ ਕਿਥੋਂ ਯਾਦ ਕੀਤੇ ਹਨ।" ਭਾਈ ਜੋਧ ਜੀ ਬੋਲੇ, "ਮਹਾਂ ਪੁਰਸ਼ੋ ! ਇਹ ਭਜਨ ਨਹੀਂ ਹਨ, ਇਹ ਬਾਬੇ ਨਾਨਕ ਨਿਰੰਕਾਰੀ ਦੀ ਰੱਬੀ ਬਾਣੀ ਹੈ, ਇਹ ਉਨ੍ਹਾਂ ਨੂੰ ਧੁਰੋਂ ਉਤਰੀ ਹੈ, ਜਿਹੜਾ ਇਸ ਬਾਣੀ ਨੂੰ ਪੜ੍ਹਦਾ ਹੈ, ਉਹ ਪ੍ਰਤੱਖ ਪ੍ਰਭੂ ਦੇ ਦਰਸ਼ਨ ਕਰਦਾ ਹੈ ਅਤੇ ਇਸ ਭਵਸਾਗਰ ਨੂੰ ਪਾਰ ਕਰ ਜਾਂਦਾ ਹੈ।" ਭਾਈ ਲਹਿਣਾ ਜੀ ਵਿਚ ਲਾਲਸਾ ਹੋਰ ਜਾਗੀ ਤੇ ਫਿਰ ਉਹ ਪੁੱਛਣ ਲੱਗੇ, "ਬਾਬਾ ਨਾਨਕ ਨਿਰੰਕਾਰੀ ਅੱਜ ਕਲ ਕਿੱਥੇ ਰਹਿੰਦੇ ਹਨ ? ਕੀ ਉਨ੍ਹਾਂ ਦੇ ਦਰਸ਼ਨ ਹੋ ਸਕਦੇ ਹਨ ?"

ਭਾਈ ਜੋਧ ਜੀ ਬੋਲੇ, "ਉਨ੍ਹਾਂ ਕਲਾਨੌਰ ਦੇ ਪਰਗਣੇ ਵਿਚ ਰਾਵੀ ਤੋਂ ਪਾਰ 'ਕਰਤਾਰਪੁਰ' ਨਾਮੀ ਇਕ ਨਗਰ ਵਸਾਇਆ ਹੈ। ਉਥੇ ਹੀ ਖੇਤੀ ਬਾੜੀ ਕਰਦੇ ਹਨ ਅਤੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਉਹ ਕਿਸੇ ਜ਼ਾਤ ਪਾਤ ਦੇ ਭੇਦ ਨੂੰ ਨਹੀਂ ਜਾਣਦੇ ਅਤੇ ਸਭ ਨੂੰ ਨਾਮਦਾਨ ਦੀ ਬਖਸ਼ਿਸ਼ ਕਰਦੇ ਹਨ। ਉਹ ਸਾਂਝੀ ਖੇਤੀ ਕਰਦੇ ਹਨ ਅਤੇ ਸਾਂਝਾ ਲੰਗਰ ਚਲਦਾ ਹੈ ਜਿਥੇ ਸੈਂਕੜੇ ਲੋਕ ਪ੍ਰਸ਼ਾਦਿ ਛਕਦੇ ਹਨ। ਮੈਂ ਵੀ ਆਮ ਤੌਰ ਤੇ ਉਨ੍ਹਾਂ ਪਾਸ ਚਲੇ ਜਾਂਦਾ ਹਾਂ ਅਤੇ ਸੇਵਾ ਕਰਦਾ ਹਾਂ। ਉਨ੍ਹਾਂ ਨੇ ਬਹੁਤ ਬਾਣੀ ਰਚੀ ਹੈ, ਉਨ੍ਹਾਂ ਦੀ ਕੁਝ ਬਾਣੀ ਮੈਂ ਵੀ ਕੰਠ ਕੀਤੀ ਹੈ।"

ਭਾਈ ਜੋਧ ਦੀਆਂ ਇਹ ਗੱਲਾਂ ਸੁਣ ਕੇ ਭਾਈ ਲਹਿਣਾ ਜੀ ਵਿਚ ਗੁਰੂ ਦਰਸ਼ਨਾਂ ਦੀ ਤਾਂਘ ਜਾਗੀ। ਉਨ੍ਹਾਂ ਪੱਕਾ ਮਨ ਬਣਾ ਲਿਆ ਕਿ ਇਸ ਵਾਰ ਜਦ ਉਹ ਦੇਵੀ ਦਰਸ਼ਨਾਂ ਨੂੰ ਜਾਣਗੇ ਤਾਂ ਕਰਤਾਰਪੁਰ ਵਿਚੋਂ ਹੋ ਕੇ ਜਾਣਗੇ। ਹੁਣ ਉਨ੍ਹਾਂ ਦੇ ਮਨ ਵਿਚੋਂ ਦੇਵੀ ਦੇ ਦਰਸ਼ਨਾਂ ਦੀ ਤਾਂਘ ਘੱਟ ਰਹੀ ਸੀ ਅਤੇ ਸਤਿਗੁਰਾਂ ਨੂੰ ਮਿਲਣ ਦੀ ਚਾਹਤ ਵੱਧ ਰਹੀ ਸੀ। ਉਹ ਆਪਣੇ ਘਰ ਵਾਲਿਆਂ ਅਤੇ ਦੋਸਤਾਂ ਨਾਲ ਹਰ ਸਮੇਂ ਗੁਰੂ ਨਾਨਕ ਦੇਵ ਜੀ ਬਾਰੇ ਹੀ ਚਰਚਾ ਕਰਦੇ ਰਹਿੰਦੇ ਸਨ। ਭਾਈ ਜੋਧ ਨੂੰ ਹੁਣ ਉਹ ਰੋਜ਼ ਹੀ ਮਿਲਣ ਜਾਇਆ ਕਰਦੇ ਸਨ ਅਤੇ ਗੁਰੂ ਘਰ ਦੀਆਂ ਸਾਖੀਆਂ ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ।



# ਸਤਿਗੁਰ ਦਰਸ਼ਨ

ਭਾਈ ਲਹਿਣਾ ਜੀ ਨੂੰ ਵਧੀਆ ਕਿਸਮ ਦੇ ਘੋੜੇ ਰੱਖਣ ਦਾ ਬਹੁਤ ਸ਼ੌਕ ਸੀ। ਉਨ੍ਹਾਂ ਦਾ ਸ਼ਾਹੂਕਾਰਾ ਦੂਰ ਦੂਰ ਪਿੰਡਾਂ ਵਿਚ ਚਲਦਾ ਸੀ, ਇਸ ਲਈ ਉਗਰਾਹੀ ਵਾਸਤੇ ਇਕ ਚੰਗੇ ਘੋੜੇ ਦਾ ਪਾਸ ਹੋਣਾ ਅਤਿ ਆਵਸ਼ਕ ਸੀ। ਇਸ ਤੋਂ ਉਪਰੰਤ ਉਹ ਹਰ ਸਾਲ ਆਪਣੇ ਦੇਵੀ ਸੰਗੀਆਂ ਨੂੰ ਨਾਲ ਲੈ ਕੇ ਜਵਾਲਾਮੁਖੀ ਜਾਂਦੇ ਸਨ।

ਇਸ ਸਾਲ ਵੀ ਜਦ ਉਹ ਆਪਣੇ ਸਾਥੀਆਂ ਨੂੰ ਲੈ ਕੇ ਜਵਾਲਾਮੁਖੀ ਚੱਲੇ ਤਾਂ ਉਨ੍ਹਾਂ ਆਪਣਾ ਸਭ ਤੋਂ ਵਧੀਆਂ ਘੋੜਾ ਸਜਾਇਆ। ਕੀਮਤੀ ਦੁਸ਼ਾਲਿਆਂ ਨਾਲ ਸ਼ਿੰਗਾਰ ਕੇ ਉਹ ਆਪਣੇ ਸਾਥੀਆਂ ਦੇ ਅੱਗੇ ਲੱਗ ਗਏ। ਸਾਰੇ ਸਾਥੀ ਦੇਵੀ ਮਾਤਾ ਦੀਆਂ ਭੇਟਾਂ ਗਾਉਂਦੇ ਅਤੇ ਜੈ ਜੈ ਕਾਰ ਕਰਦੇ ਆਉਂਦੇ ਸਨ, ਪਰ ਭਾਈ ਲਹਿਣਾ ਜੀ ਇਸ ਵਾਰ ਚੁਪ ਚਾਪ ਡੂੰਘੀਆਂ ਸੋਚਾਂ ਵਿਚ ਡੁੱਬੇ ਆਪਣੇ ਘੋੜੇ ਦੀਆਂ ਵਾਗਾਂ ਢਿਲੀਆਂ ਕਰੀ ਜਾਂਦੇ ਸਨ।

ਕਰਤਾਰਪੁਰ ਦੇ ਨੇੜੇ ਪਹੁੰਚ ਕੇ ਉਨ੍ਹਾਂ ਆਪਣੇ ਸਾਥੀਆਂ ਨੂੰ ਲਾਗਲੇ ਪਿੰਡ ਦੀ ਧਰਮਸਾਲਾ ਵਿਚ ਠਹਿਰਨ ਲਈ ਕਹਿ ਦਿੱਤਾ ਅਤੇ ਆਪ ਘੋੜੇ ਨੂੰ ਠਿੱਬੀ ਲਾ ਕੇ ਕਰਤਾਰਪੁਰ ਵਲ ਚਾਲੇ ਪਾ ਦਿੱਤੇ। ਭਾਈ ਲਹਿਣਾ ਜੀ ਬੜੇ ਜੁਆਨ, ਫੁਰਤੀਲੇ ਅਤੇ ਕਰੜੇ ਸਰੀਰ ਵਾਲੇ ਸਨ। ਘੋੜੇ ਤੇ ਚੜ੍ਹੇ ਉਹ ਕਿਸੇ ਰਾਜੇ ਮਹਾਰਾਜੇ ਨਾਲੋਂ ਘਟ ਨਹੀਂ ਸਨ ਲੱਗਦੇ।

ਇਸ ਵਾਰ ਤਾਂ ਉਨ੍ਹਾਂ ਦਾ ਜਲੌ ਹੀ ਹੋਰ ਸੀ, ਕਿਉਂਕਿ ਉਨ੍ਹਾਂ ਦੇ ਮਨ ਵਿਚ ਕਿਸੇ ਇਲਾਹੀ ਜੋਤ ਨੂੰ ਮਿਲਣ ਦੀ ਤਮੰਨਾ ਉਸਲਵੱਟੇ ਲੈ ਰਹੀ ਸੀ। ਆਪਣੀਆਂ ਸੋਚਾਂ ਵਿਚ ਹੀ ਗਲਤਾਨ ਉਨ੍ਹਾਂ ਨੂੰ ਪਤਾ ਨਹੀਂ ਲੱਗਾ ਕਿ ਉਹ ਕਿਹੜੇ ਵੇਲੇ ਰਾਵੀ ਨਦੀ ਦੇ ਕੰਢੇ ਜਾ ਪਹੁੰਚੇ ਹਨ। ਉਨ੍ਹਾਂ ਨੇ ਆਪਣੇ ਸਾਹਮਣੇ ਦਰਿਆ ਵੇਖਿਆ ਜਿਹੜਾ ਆਪਣੇ ਕੰਢਿਆਂ ਨਾਲ ਵੀ ਛੇੜ ਛਾੜ ਕਰਦਾ ਹੋਇਆ ਪੂਰੇ ਜੋਬਨ ਵਿਚ ਠਾਠਾਂ ਮਾਰ ਰਿਹਾ ਸੀ। ਪਰ ਦ੍ਰਿੜ ਅਤੇ ਪਕਿਆਂ ਇਰਾਦਿਆਂ ਨੂੰ ਦਰਿਆ ਕਦ ਰੋਕ ਸਕੇ ਹਨ। ਉਨ੍ਹਾਂ ਘੋੜੇ ਦੀਆਂ ਵਾਗਾਂ ਨੂੰ ਇਕ ਐਸਾ ਹਜੋਕਾ ਮਾਰਿਆ ਕਿ ਉਹ ਦਰਿਆ ਨੂੰ ਚੀਰਦਾ ਹੋਇਆ ਇੰਝ ਪਾਰ ਲੰਘ ਗਿਆ ਜਿਵੇਂ ਤੀਰ ਹਵਾ ਨੂੰ ਚੀਰਦਾ ਹੋਇਆ ਆਪਣੇ ਨਿਸ਼ਾਨੇ ਉਤੇ ਪਹੁੰਚ ਜਾਏ।

ਦਰਿਆ ਪਾਰ ਕਰਦਿਆਂ ਹੀ ਉਨ੍ਹਾਂ ਨੂੰ ਨਵਾਂ ਵਸਿਆ ਨਗਰ ਦਿਖਾਈ ਦਿੱਤਾ। ਉਨ੍ਹਾਂ ਸਿੱਧਾ ਉਸ ਪਾਸੇ ਵੱਲ ਆਪਣੇ ਘੋੜੇ ਨੂੰ ਮੋੜ ਲਿਆ। ਜਦ ਉਹ ਪਿੰਡ ਦੇ ਬਾਹਰ ਵਾਰ ਪੁੱਜੇ ਤਾਂ ਇਕ ਉੱਚੇ ਲੰਮੇ ਅਤੇ ਭਰਵੇਂ ਸਰੀਰ ਵਾਲੇ ਬਜ਼ੁਰਗ ਨੂੰ ਉਨ੍ਹਾਂ ਉਥੇ ਖਲੋਤਾ ਵੇਖਿਆ। ਉਨ੍ਹਾਂ ਸੋਚਿਆ ਕਿ ਇਸ ਬਜ਼ੁਰਗ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਦਰਬਾਰ ਬਾਰੇ ਪੁੱਛ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਉਸ ਬਜ਼ੁਰਗ ਪਾਸੋਂ ਗੁਰੂ ਨਾਨਕ ਦੇ ਦਰਬਾਰ ਦਾ ਰਾਹ ਪੁੱਛਿਆ। ਬਜ਼ੁਰਗ ਨੇ ਉਨ੍ਹਾਂ ਨੂੰ ਕਿਹਾ ਕਿ ਉਨ੍ਹਾਂ ਦੇ ਪਿੱਛੇ ਪਿੱਛੇ ਆਉਣ ਉਹ ਉਨ੍ਹਾਂ ਨੂੰ ਗੁਰੂ ਦੇ ਦਰਬਾਰ ਲੈ ਜਾਣਗੇ। ਗੁਰੂ ਨਾਨਕ ਦੇਵ ਜੀ ਦੇ ਦਰਬਾਰ ਦੇ

ਨੇੜੇ ਪਹੁੰਚ ਕੇ, ਉਸ ਬਜ਼ੁਰਗ ਨੇ ਭਾਈ ਲਹਿਣਾ ਜੀ ਨੂੰ ਇਕ ਕਿੱਲੇ ਵੱਲ ਇਸ਼ਾਰਾ ਕਰਕੇ ਕਿਹਾ, "ਘੋੜਾ ਇਸ ਕਿੱਲੇ ਨਾਲ ਬੰਨ੍ਹ ਦੇਵੋ, ਸਾਹਮਣੇ ਗੁਰੂ ਦਾ ਦਰਬਾਰ ਹੈ, ਗੁਰੂ ਜੀ ਤੁਹਾਨੂੰ ਉਥੇ ਹੀ ਮਿਲਣਗੇ।" ਭਾਈ ਲਹਿਣਾ ਜਦ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਉਸ ਨੂੰ ਪਤਾ ਲੱਗਾ ਕਿ ਉਸ ਨੂੰ ਰਸਤਾ ਦੱਸਣ ਵਾਲੇ ਗੁਰੂ ਨਾਨਕ ਦੇਵ ਜੀ ਆਪ ਹੀ ਸਨ। ਉਹ ਕੁਝ ਘਬਰਾਏ, ਪਰ ਗੁਰੂ ਨਾਨਕ ਦੇਵ ਜੀ ਮੁਸਕਰਾ ਕੇ ਬੋਲੇ, "ਮਹਾਂਪੁਰਖਾ ਕੀ ਨਾਂ ਏ ਤੁਹਾਡਾ।" ਭਾਈ ਲਹਿਣਾ ਨੇ ਕੁਝ ਝੇਪ ਕੇ ਕਿਹਾ, "ਜੀ ਲਹਿਣਾ।" ਫਿਰ ਗੁਰੂ ਨਾਨਕ ਜੀ ਬੋਲੇ , "ਫਿਰ ਕੀ ਹੋਇਆ, ਲਹਿਣੇਦਾਰ ਸਦਾ ਘੋੜਿਆਂ ਤੇ ਚੜ੍ਹ ਕੇ ਆਉਂਦੇ ਹਨ, ਅਤੇ ਦੇਣਦਾਰ ਪੈਦਲ ਹੀ ਚਲਦੇ ਹਨ।"



# ਸੱਚਾ ਸਿੱਖ

ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਭਾਈ ਲਹਿਣਾ ਜੀ ਨਿਹਾਲ ਹੋ ਗਏ ਅਤੇ ਉਨ੍ਹਾਂ ਜਵਾਲਾਮੁਖੀ ਜਾਣ ਦਾ ਖਿਆਲ ਛੱਡ ਦਿੱਤਾ। ਰਾਤ ਉਹ ਗੁਰੂ ਜੀ ਦੀ ਧਰਮਸਾਲਾ ਵਿਚ ਹੀ ਸੁੱਤੇ ਤੇ ਅਗਲੀ ਸਵੇਰ ਹੁੰਦਿਆਂ ਹੀ ਆਪਣੇ ਸਾਥੀਆਂ ਪਾਸ ਪੁੱਜੇ ਅਤੇ ਉਨ੍ਹਾਂ ਨੂੰ ਕਿਹਾ ਕਿ ਹੁਣ ਉਹ ਦੇਵੀ ਦਰਸ਼ਨਾਂ ਨੂੰ ਨਹੀਂ ਜਾਣਗੇ ਕਿਉਂਕਿ ਉਨ੍ਹਾਂ ਨੂੰ ਅਸਲੀ ਮੰਜ਼ਿਲ ਮਿਲ ਗਈ ਸੀ।

ਆਪ ਹੁਣ ਕਰਤਾਰਪੁਰ ਹੀ ਟਿਕ ਗਏ ਅਤੇ ਦੂਸਰੇ ਸਿੱਖਾਂ ਵਾਂਗ ਸੇਵਾ ਵਿਚ ਲੱਗ ਗਏ। ਕੁਝ ਦਿਨ ਠਹਿਰ ਕੇ ਆਪ ਫਿਰ ਸੰਘਰ ਪਹੁੰਚੇ। ਉਥੇ ਜਾ ਕੇ ਉਨ੍ਹਾਂ ਆਪਣਾ ਸਾਰਾ ਕਾਰੋਬਾਰ ਆਪਣੇ ਪੁੱਤਰਾਂ 'ਦਾਸੂ' ਅਤੇ 'ਦਾਤੂ' ਨੂੰ ਸਮਝਾ ਦਿੱਤਾ। ਏਥੇ ਆਪ ਦਾ ਹੁਣ ਜੀਅ ਨਹੀਂ ਸੀ ਲੱਗਦਾ। ਇਕ ਦਿਨ ਲੂਣ ਦਾ ਇਕ ਵੱਡਾ ਡਲਾ ਸਿਰ ਤੇ ਚੁਕ ਕੇ ਅਤੇ ਸਫ ਕੱਛੇ ਮਾਰ ਕੇ ਕਰਤਾਰਪੁਰ ਵੱਲ ਤੁਰ ਪਏ।

ਕਰਤਾਰਪੁਰ ਪਹੁੰਚ ਕੇ ਉਨ੍ਹਾਂ ਲੂਣ ਦਾ ਡਲਾ ਲੰਗਰ ਵਿਚ ਰਖਿਆ ਅਤੇ ਗੁਰੂ ਨਾਨਕ ਦੇਵ ਜੀ ਬਾਰੇ ਪੁਛਿਆ। ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਖੇਤਾਂ ਵੱਲ ਗਏ ਹਨ ਤਾਂ ਉਹ ਵੀ ਉਧਰ ਚੱਲ ਪਏ। ਉਥੇ ਜਾ ਕੇ ਵੇਖਿਆ ਕਿ ਗੁਰੂ ਨਾਨਕ ਦੇਵ ਜੀ ਨੇ ਘਾਹ ਦੀ ਪੰਡ ਵੱਢੀ ਸੀ ਪਰ ਮੀਂਹ ਪੈਣ ਕਰਕੇ ਘਾਹ ਭਿੱਜ ਗਿਆ ਸੀ। ਗੁਰੂ ਜੀ ਨੇ ਉਹ ਭਿੱਜਾ ਹੋਇਆ ਘਾਹ ਭਾਈ ਲਹਿਣਾ ਜੀ ਨੂੰ ਚੁਕਾ ਦਿੱਤਾ। ਘਾਹ ਦਾ ਮੈਲਾ ਪਾਣੀ ਟਪਕਣ ਨਾਲ ਉਨ੍ਹਾਂ ਦੇ ਰੇਸ਼ਮੀ ਕਪੜੇ ਭਿੱਜ ਗਏ। ਜਦ ਉਹ ਘਰ ਪੁੱਜੇ ਤਾਂ ਮਾਤਾ ਸੁਲੱਖਣੀ ਜੀ ਨੇ ਕਿਹਾ, "ਇਸ ਗਭਰੂ ਨੇ ਕਿੰਨੇ ਸੁੰਦਰ ਅਤੇ ਰੇਸ਼ਮੀ ਕਪੜੇ ਪਾਏ ਹਨ, ਇਨ੍ਹਾਂ ਨੂੰ ਗਿੱਲਾ ਘਾਹ ਚੁਕਾ ਦਿੱਤਾ ਹੈ। ਇਨ੍ਹਾਂ ਦੇ ਸਾਰੇ ਕਪੜੇ ਚਿੱਕੜ ਨਾਲ ਲਿੱਬੜ ਗਏ ਹਨ।" ਮਾਤਾ ਜੀ ਦੀ ਇਹ ਗੱਲ ਸੁਣ ਕੇ ਗੁਰੂ ਜੀ ਬੋਲੇ, "ਇਸ ਗਭਰੂ ਦੇ ਬਸਤਰਾਂ ਉਤੇ ਕੇਸਰ ਦੇ ਛਿੱਟੇ ਪਏ ਹਨ, ਚਿਕੜ ਦੇ ਨਹੀਂ।"

ਭਾਈ ਲਹਿਣਾ ਜੀ ਫਿਰ ਪੱਕੇ ਤੌਰ ਤੇ ਕਰਤਾਰਪੁਰ ਰਹਿਣ ਲੱਗ ਗਏ। ਉਹ ਤਨੋਂ ਮਨੋਂ ਸੇਵਾ ਵਿਚ ਜੁੱਟ ਗਏ। ਲਗਭਗ ਸੱਤ ਸਾਲ ਭਾਵ ੧੫੩੨ ਤੋਂ ੧੫੩੯ ਈ: ਤੱਕ ਸੇਵਾ ਦਾ ਕਾਰਜ ਨਿਭਾਉਂਦੇ ਰਹੇ। ਉਹ ਖੇਤੀ ਕਰਦੇ, ਲੰਗਰ ਤਿਆਰ ਕਰਦੇ, ਪੱਖਾ ਫੇਰਦੇ ਅਤੇ ਪਾਣੀ ਢੋਣ ਆਦਿ ਦੀ ਨਿਸ਼ਕਪਟ ਸੇਵਾ ਕਰਦੇ ਰਹੇ। ਇਸ ਦੇ ਨਾਲ ਨਾਲ ਹੀ ਉਹ ਗੁਰੂ ਜੀ ਦਾ ਕੀਰਤਨ ਅਤੇ ਉਨ੍ਹਾਂ ਦੇ ਅਨਮੋਲ ਬਚਨ ਸੁਣਦੇ। ਗੁਰੂ ਨਾਨਕ ਦੇਵ ਜੀ ਵਲੋਂ ਉਨ੍ਹਾਂ ਨੂੰ ਜੋ ਵੀ ਆਦੇਸ਼ ਹੁੰਦਾ ਉਹ ਸਤ ਬਚਨ ਕਹਿ ਕੇ ਉਸੇ ਵੇਲੇ ਹੀ ਕਰ ਦਿੰਦੇ।

ਇਕ ਦਿਨ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਪੁਛਿਆ ਹੁਣ ਕਿੰਨੀ ਰਾਤ ਗਈ ਹੈ ਤਾਂ ਉਨ੍ਹਾਂ ਉੱਤਰ ਦਿੱਤਾ, ਹੇ ਮੇਰੇ ਸਤਿਗੁਰੂ ਜਿੰਨੀ ਤੁਸਾਂ ਬਿਤਾਈ ਬੀਤੀ ਜਿੰਨੀ ਤੁਸੀਂ ਰੱਖੀ ਹੈ ਰਹਿੰਦੀ ਹੈ।"

ਇਕ ਦਿਨ ਧਰਮਸਾਲਾ ਦੀ ਕੰਧ ਡਿੱਗ ਪਈ। ਉਸ ਸਮੇਂ ਮੀਂਹ ਬੜੇ ਜ਼ੋਰ ਨਾਲ ਪੈ ਰਿਹਾ ਸੀ। ਗੁਰੂ ਜੀ ਨੇ ਦੂਸਰੇ ਸਿੱਖਾਂ ਨੂੰ ਹੁਕਮ ਕੀਤਾ ਕਿ ਕੰਧ ਹੁਣੇ ਬਣਾਓ, ਪਰ ਸਾਰਿਆਂ ਇਹ ਕਿਹਾ ਕਿ

ਮੀਂਹ ਬਹੁਤ ਪੈ ਰਿਹਾ ਹੈ, ਹਟਣ ਉਤੇ ਬਣਾ ਦੇਵਾਂਗੇ। ਪਰ ਜਦ ਉਨ੍ਹਾਂ ਭਾਈ ਲਹਿਣਾ ਜੀ ਨੂੰ ਕਿਹਾ ਤਾਂ ਉਹ ਉਸੇ ਵੇਲੇ ਬਣਾਉਣ ਲੱਗ ਗਏ। ਇਕ ਦਿਨ ਗੰਦੇ ਚਿੱਕੜ ਵਿਚ ਇਕ ਬਰਤਨ ਡਿੱਗ ਪਿਆ, ਗੁਰੂ ਜੀ ਨੇ ਆਪਣੇ ਪੁੱਤਰਾਂ ਅਤੇ ਹੋਰ ਸਿੱਖਾਂ ਨੂੰ ਕੱਢਣ ਵਾਸਤੇ ਕਿਹਾ, ਪਰ ਗੰਦੇ ਪਾਣੀ ਵਿਚ ਛਾਲ ਮਾਰਨ ਦਾ ਕਿਸੇ ਦਾ ਹੀਆ ਨਾ ਪਿਆ। ਜਦ ਉਨ੍ਹਾਂ ਭਾਈ ਲਹਿਣਾ ਜੀ ਨੂੰ ਇਸ਼ਾਰਾ ਕੀਤਾ ਤਾਂ ਉਹ ਝਟ ਛਾਲ ਮਾਰ ਕੇ ਕਟੋਰਾ ਕੱਢ ਲਿਆਏ ਅਤੇ ਮਾਂਜ ਸਵਾਰ ਕੇ ਗੁਰੂ ਜੀ ਨੂੰ ਦੇ ਦਿੱਤਾ।

ਗੁਰੂ ਨਾਨਕ ਦੇਵ ਜੀ ਅਸਲ ਵਿਚ ਆਪਣੇ ਉਤਰਾਧਿਕਾਰੀ ਦੀ ਭਾਲ ਕਰ ਰਹੇ ਸਨ ਅਤੇ ਭਾਈ ਲਹਿਣੇ ਜੀ ਉਨ੍ਹਾਂ ਦੀ ਇਸ ਪਰਖ ਤੇ ਪੂਰੇ ਉੱਤਰੇ ਸਨ।



# ਮਾਈ ਵਿਰਾਈ

ਭਾਈ ਲਹਿਣਾ ਜੀ ਦੇ ਆਚਰਣ ਅਤੇ ਗੁਰਮੁਖਤਾ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਸਮਝ ਗਏ ਕਿ ਉਹ ਹੁਣ ਉਨ੍ਹਾਂ ਦਾ 'ਅੰਗ' ਬਣ ਚੁਕੇ ਸਨ। ਉਨ੍ਹਾਂ ਭਾਈ ਲਹਿਣਾ ਜੀ ਦਾ ਨਾਂ 'ਅੰਗਦ' ਰੱਖ ਦਿੱਤਾ ਅਤੇ ਆਪਣੀ ਗੱਦੀ ਉਨ੍ਹਾਂ ਨੂੰ ਦੇ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਨਮਸ਼ਕਾਰ ਕੀਤੀ ਅਤੇ ਮੱਥਾ ਟੇਕਿਆ। ਸਾਰੇ ਹੈਰਾਨ ਸਨ ਕਿ ਜਿਹੜੇ ਗੁਰੂ ਨਾਨਕ ਦੇਵ ਸਾਰੀ ਉਮਰ ਕਿਸੇ ਅੱਗੇ ਝੁਕੇ ਨਹੀਂ ਸਨ, ਆਪਣੇ ਹੀ ਇਕ ਸਿੱਖ ਨੂੰ ਮੱਥਾ ਟੇਕ ਰਹੇ ਸਨ। ਪਰ ਹੁਣ ਤਾਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਵਿਚ ਭੇਦ ਨਹੀਂ ਸੀ ਰਿਹਾ। ਗੁਰੂ ਨਾਨਕ ਦੇਵ ਜੀ ਗੁਰੂ ਅੰਗਦ ਦੇਵ ਜੀ ਹੋ ਗਏ ਸਨ ਅਤੇ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਬਣ ਗਏ ਸਨ।

ਗੁਰਿਆਈ ਦੇ ਕੇ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਸੰਘਰ ਜਾਣ ਵਾਸਤੇ ਕਿਹਾ। ਸਾਰੀਆਂ ਲੋੜੀਂਦੀਆਂ ਸਿਖਿਆਵਾਂ ਦੇ ਕੇ ਉਨ੍ਹਾਂ ਗੁਰੂ ਅੰਗਦ ਦੇਵ ਜੀ ਨੂੰ ਕਿਹਾ, ਮਾਝੇ ਵਿਚ ਸਿੱਖੀ ਦਾ ਪ੍ਰਚਾਰ ਕਰਨਾ ਹੈ। ਇਕ ਸੱਚੇ ਸਿੱਖ ਦੀਆਂ ਕੀ ਵਿਸ਼ੇਸ਼ਤਾਵਾਂ ਹਨ, ਇਹ ਤੁਸੀਂ ਭਲੀ ਭਾਂਤ ਜਾਣਦੇ ਹੋ। ਇਹ ਇਕ ਪੋਥੀ ਮੈਂ ਤੁਹਾਨੂੰ ਸੌਂਪਦਾ ਹਾਂ ਇਸ ਵਿਚ ਰੱਬੀ ਬਾਣੀ ਹੈ। ਇਸ ਨੂੰ ਸੰਭਾਲ ਕੇ ਰਖਣਾ ਅਤੇ ਇਸ ਦੇ ਹੋਰ ਉਤਾਰੇ ਕਰਵਾ ਕੇ ਆਪਣੇ ਸਿੱਖਾਂ ਵਿਚ ਵੰਡਣੇ।"

ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਗੁਰੂ ਨਾਨਕ ਦੇਵ ਜੀ ਨਾਲੋਂ ਵਿਛੜਨਾ ਤਾਂ ਨਹੀਂ ਸੀ ਚਾਹੁੰਦੇ, ਪਰ ਜਿਵੇਂ ਆਦੇਸ਼ ਸੀ ਉਸਦੀ ਪਾਲਣਾ ਕਰਨੀ ਸੀ। ਗੁਰੂ ਨਾਨਕ ਦੇਵ ਨੇ ਤੋਰਨ ਸਮੇਂ ਉਨ੍ਹਾਂ ਨੂੰ ਇਹ ਕਿਹਾ ਕਿ ਸੰਘਰ ਵਿਖੇ ਇਕ ਮਾਈ ਵਿਰਾਈ ਰਹਿੰਦੀ ਹੈ, ਉਸ ਦੇ ਘਰ ਸਾਡਾ ਆਸਣ ਹੈ, ਪਹਿਲਾਂ ਉਸ ਆਸਣ ਤੇ ਜਾ ਕੇ ਬਿਰਾਜਮਾਨ ਹੋਣਾ।

ਗੁਰੂ ਅੰਗਦ ਦੇਵ ਜੀ ਕਰਤਾਰਪੁਰ ਤੋਂ ਚੱਲ ਕੇ ਸੰਘਰ ਵਿਖੇ ਮਾਈ ਵਿਰਾਈ ਦੇ ਘਰ ਜਾ ਬਿਰਾਜੇ। ਮਾਈ ਵਿਰਾਈ ਕੌਣ ਸੀ? ਮਾਈ ਵਿਰਾਈ ਜਾਗੀਰਦਾਰ ਤਖਤ ਮਲ ਦੀ ਧੀ ਸੀ। ਸ੍ਰੀ ਤਖਤ ਮਲ ਸਠਾਂ ਪਿੰਡਾਂ ਦੇ ਮਾਲਕ ਸਨ ਅਤੇ ਬਾਬਾ ਫੇਰੂ ਮਲ ਕਿਸੇ ਸਮੇਂ ਉਨ੍ਹਾਂ ਦੇ ਮੁਨੀਮ ਰਹਿ ਚੁਕੇ ਸਨ। ਮਾਈ ਵਿਰਾਈ ਦੇ ਸੱਤ ਭਰਾ ਸਨ, ਇਸ ਲਈ ਉਸ ਨੂੰ ਪਹਿਲਾਂ ਸੱਤ ਭਰਾਈ ਕਿਹਾ ਜਾਂਦਾ ਸੀ ਜੋ ਬਾਅਦ ਵਿਚ ਵਿਗੜਦਾ ਵਿਗੜਦਾ ਸਭਰਾਈ ਅਤੇ ਵਿਰਾਈ ਰਹਿ ਗਿਆ। ਮਾਈ ਵਿਰਾਈ ਬਾਬਾ ਫੇਰੂ ਮਲ ਦੀ ਧਰਮ ਦੀ ਭੈਣ ਬਣੀ ਸੀ। ਸੰਘਰ ਵਿਆਹੀ ਹੋਈ ਸੀ ਅਤੇ ਇਸ ਨੇ ਹੀ ਭਾਈ ਲਹਿਣਾ ਜੀ ਦੀ ਸ਼ਾਦੀ ਸੰਘਰ ਵਿਖੇ ਕਰਵਾਈ ਸੀ।

ਇਕ ਵਾਰ ਗੁਰੂ ਨਾਨਕ ਦੇਵ ਜੀ ਵੀ ਪਿੰਡ ਸੰਘਰ ਵਿਖੇ ਆਏ ਸਨ ਤਾਂ ਮਾਈ ਵਿਰਾਈ ਨੇ ਉਨ੍ਹਾਂ ਨੂੰ ਆਪਣੇ ਘਰ ਚਰਨ ਪਾਉਣ ਨੂੰ ਕਿਹਾ ਸੀ ਤਾਂ ਗੁਰੂ ਜੀ ਨੇ ਫੁਰਮਾਇਆ ਸੀ, "ਅਸੀਂ ਤੁਹਾਡੇ ਘਰ ਕੇਵਲ ਆਵਾਂਗੇ ਹੀ ਨਹੀਂ ਬਲਕਿ ਕਈ ਦਿਨ ਵਿਸ਼ਰਾਮ ਕਰਾਂਗੇ।"

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਦੂਸਰੀ ਜੋਤ ਗੁਰੂ ਅੰਗਦ ਦੇਵ ਜੀ ਉਨ੍ਹਾਂ ਦੇ ਘਰ ਆ

ਠਹਿਰੇ ਅਤੇ ਉਨ੍ਹਾਂ ਮਾਈ ਜੀ ਨੂੰ ਕਹਿ ਦਿੱਤਾ ਕਿ ਕਿਸੇ ਨੂੰ ਵੀ ਉਨ੍ਹਾਂ ਦੇ ਇਥੇ ਆਉਣ ਬਾਰੇ ਦੱਸਣਾ ਨਹੀਂ ਕਿਉਂਕਿ ਉਹ ਕੁਝ ਦਿਨ ਪ੍ਰਭੂ ਦੀ ਭਗਤੀ ਵਿਚ ਲੀਨ ਰਹਿਣਗੇ। ਮਾਈ ਵਿਰਾਈ ਵੀ ਇਸ ਗੱਲ ਵਿਚ ਪੱਕੀ ਰਹੀ ਅਤੇ ਉਸ ਕਿਸੇ ਨੂੰ ਪਤਾ ਨਾ ਲੱਗਣ ਦਿੱਤਾ। ਜਦ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਜੀ ਵੀ ਪੁਛਣ ਆਏ ਤਾਂ ਉਸ ਨੂੰ ਵੀ ਉਨ੍ਹਾਂ ਟਾਲ ਦਿੱਤਾ।

ਗੁਰੂ ਜੀ ਸਾਰਾ ਦਿਨ ਭਗਤੀ ਵਿਚ ਲੀਨ ਰਹਿੰਦੇ ਅਤੇ ਮਾਈ ਵਿਰਾਈ ਜੀ ਉਨ੍ਹਾਂ ਦੀ ਪੂਰੀ ਸੇਵਾ ਕਰਦੀ। ਇਕ ਦਿਨ ਮਾਈ ਵਿਰਾਈ ਨੇ ਗੁਰੂ ਜੀ ਪਾਸ ਬੇਨਤੀ ਕਰਦਿਆਂ ਕਿਹਾ, "ਸੱਚੇ ਪਾਤਸ਼ਾਹੋ, ਜਦ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਤੁਸੀਂ ਇਥੇ ਆਏ ਸੀ ਤਾਂ ਤੁਸੀਂ ਬਚਨ ਕੀਤੇ ਸਨ ਕਿ ਮੇਰੇ ਪਾਸ ਹੀ ਟਿਕੋਗੇ। ਪਰ ਤੁਸੀਂ ਤਾਂ ਹੁਣ ਬਲਦੀ ਲੁਕਾਈ ਨੂੰ ਤਾਰਨ ਜਾਣਾ ਹੈ, ਇਸ ਲਈ ਮੈਨੂੰ ਇਹ ਬਚਨ ਦੇਵੋ ਕਿ ਜਦ ਤੁਸੀਂ ਇਥੋਂ ਜਾਵੋ ਤਾਂ ਮੈਂ ਆਪਨੇ ਪ੍ਰਾਣ ਤਿਆਗ ਦੇਵਾਂ ਅਤੇ ਤੁਹਾਡੇ ਹੱਥਾਂ ਵਿਚ ਮੇਰੇ ਅੰਤਮ ਸੰਸਕਾਰ ਕੀਤੇ ਜਾਣ।" ਗੁਰੂ ਜੀ ਨੇ ਮਾਈ ਵਿਰਾਈ ਦੀ ਅੰਤਿਮ ਇੱਛਾ ਪੂਰੀ ਕਰਨ ਦਾ ਬਚਨ ਦੇ ਦਿੱਤਾ।



# ਖਡੂਰ ਸਾਹਿਬ ਵਿਖੇ ਰੌਣਕਾਂ

ਜਦ ਗੁਰੂ ਅੰਗਦ ਦੇਵ ਜੀ ਮਾਈ ਵਿਰਾਈ ਦੇ ਕੋਠੇ ਵਿਚ ਗੁਪਤ ਬੈਠ ਗਏ ਤਾਂ ਸਿੱਖ ਬਹੁਤ ਵਿਆਕੁਲ ਹੋ ਉਠੇ। ਉਹ ਥਾਂ ਥਾਂ ਗੁਰੂ ਜੀ ਦੀ ਭਾਲ ਕਰਦੇ ਰਹੇ, ਪਰ ਗੁਰੂ ਜੀ ਬਾਰੇ ਕੋਈ ਪਤਾ ਨਾ ਲੱਗਾ। ਜਿਵੇਂ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਗੁਰੂ ਜੀ ਮਾਈ ਵਿਰਾਈ ਦੇ ਘਰ ਗਏ ਹੋਣਗੇ, ਉਹ ਉਥੇ ਵੀ ਜਾਂਦੇ, ਪਰ ਮਾਈ ਵਿਰਾਈ ਹੱਥ ਜੋੜ ਕੇ ਖੜੀ ਹੋ ਜਾਂਦੀ ਅਤੇ ਕਹਿੰਦੀ, "ਉਨ੍ਹਾਂ ਦੀਆਂ ਉਹੋ ਜਾਣਨ, ਮੈਨੂੰ ਗਰੀਬਣੀ ਨੂੰ ਕੋਈ ਪਤਾ ਨਹੀਂ।" ਆਖਿਰ ਸਾਰੀ ਸੰਗਤ ਇਕੱਠੀ ਹੋ ਕੇ ਬਾਬਾ ਬੁੱਢਾ ਜੀ ਪਾਸ ਗਈ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਇਸ ਕਾਰਜ ਵਿਚ ਉਹ ਹੀ ਸਹਾਇਤਾ ਕਰ ਸਕਦੇ ਸਨ। ਬਾਬਾ ਬੁੱਢਾ ਜੀ ਗੁਰੂ ਜੀ ਦੇ ਅਲੋਪ ਹੋ ਜਾਣ ਬਾਰੇ ਆਪ ਫਿਕਰਮੰਦ ਸਨ। ਛੇ ਮਹੀਨੇ ਬੀਤ ਗਏ ਸਨ ਪਰ ਗੁਰੂ ਜੀ ਬਾਰੇ ਹਾਲੇ ਤਕ ਕੋਈ ਪਤਾ ਨਹੀਂ ਸੀ ਲੱਗਾ। ਬਾਬਾ ਬੁੱਢਾ ਜੀ ਨੇ ਸੰਗਤ ਦੀ ਬੇਨਤੀ ਮੰਨ ਲਈ ਅਤੇ ਪੰਜਾਂ ਸਿੱਖਾਂ ਅਤੇ ਰਬਾਬੀ ਬਲਵੰਡ ਨੂੰ ਨਾਲ ਲੈ ਕੇ ਉਹ ਲੱਭਣ ਲਈ ਚੱਲ ਪਏ। ਬਾਬਾ ਬੁੱਢਾ ਜੀ ਦਾ ਪੱਕਾ ਯਕੀਨ ਸੀ ਉਹ ਸੰਘਰ ਵਿਖੇ ਮਾਈ ਵਿਰਾਈ ਦੇ ਘਰ ਹੀ ਹੋਣਗੇ, ਇਸ ਲਈ ਆਪਣੇ ਸਾਥੀਆਂ ਨੂੰ ਲੈ ਕੇ ਉਹ ਸਿੱਧੇ ਸੰਘਰ ਪੁੱਜੇ।

ਜਦ ਮਾਈ ਵਿਰਾਈ ਨੂੰ ਇਹ ਪਤਾ ਲੱਗਾ ਕਿ ਬਾਬਾ ਬੁੱਢਾ ਜੀ ਕੁਝ ਸਿੱਖਾਂ ਨੂੰ ਨਾਲ ਲੈ ਕੇ ਆਪ ਉਸ ਦੇ ਘਰ ਵੱਲ ਆ ਰਹੇ ਹਨ, ਤਾਂ ਉਹ ਉਨ੍ਹਾਂ ਨੂੰ ਅੱਗੋਂ ਜਾ ਮਿਲੀ। ਮਾਈ ਵਿਰਾਈ ਦੇ ਚਿਹਰੇ ਵੱਲ ਵੇਖ ਕੇ ਬਾਬਾ ਬੁੱਢਾ ਜੀ ਜਾਣ ਗਏ ਕਿ ਸਤਿਗੁਰੂ ਇਥੇ ਹੀ ਹਨ। ਜਦ ਸਾਰਿਆਂ ਨੇ ਮਾਈ ਨੂੰ ਗੁਰੂ ਜੀ ਬਾਰੇ ਪੁੱਛਿਆ ਤਾਂ ਉਹ ਬੋਲੀ, "ਉਹ ਆਪ ਹੀ ਆਪਣੇ ਬਾਰੇ ਜਾਣਦੇ ਹਨ ਕਿ ਉਨ੍ਹਾਂ ਨੇ ਸੰਗਤ ਵਿਚ ਕਦ ਵਿਚਰਨਾ ਹੈ, ਇਸ ਲਈ ਜ਼ਿਦ ਚੰਗੀ ਨਹੀਂ, ਸਾਨੂੰ ਉਸਦੀ ਰਜ਼ਾ ਵਿਚ ਰਹਿਣਾ ਚਾਹੀਦਾ ਹੈ।" ਇਹ ਸੁਣ ਕੇ ਬਾਬਾ ਬੁੱਢਾ ਜੀ ਬੋਲੇ, "ਆਪਣੇ ਸੁਆਮੀ ਨੂੰ ਪੁਕਾਰਨਾ ਰਜ਼ਾ ਦੇ ਉਲਟ ਨਹੀਂ। ਜੇ ਤੁਹਾਨੂੰ ਦੱਸਣ ਦੀ ਮਨਾਹੀ ਹੈ ਤਾਂ ਅਸੀਂ ਆਪ ਹੀ ਭਾਲ ਲੈਂਦੇ ਹਾਂ।"

ਉਹ ਆਪਣੇ ਨਾਲ ਰਬਾਬੀ ਬਲਵੰਡ ਨੂੰ ਲਿਆਏ ਸਨ। ਉਨ੍ਹਾਂ ਉਸ ਨੂੰ ਰਬਾਬ ਵਜਾਉਣ ਅਤੇ ਸ਼ਬਦ ਦਾ ਗਾਇਨ ਕਰਨ ਵਾਸਤੇ ਕਿਹਾ। ਜਦ ਰਬਾਬੀ ਨੇ ਸ਼ਬਦ ਗਾਇਆ ਤਾਂ ਗੁਰੂ ਜੀ ਬਾਹਰ ਆ ਗਏ। ਉਹ ਸਭ ਨੂੰ ਵੇਖ ਕੇ ਮੁਸਕਰਾਏ ਅਤੇ ਬੋਲੇ, "ਤੁਸੀਂ ਅਸਲੀ ਗੱਲ ਨੂੰ ਲੱਭ ਲਿਆ ਹੈ, ਜੇ ਗੁਰੂ ਨੂੰ ਪਾਉਣਾ ਹੋਵੇ, ਤਾਂ ਕੀਰਤਨ ਕਰੋ।"

ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਬਾਹਰ ਚੱਲਣ ਦੀ ਬੇਨਤੀ ਕੀਤੀ। ਗੁਰੂ ਜੀ ਹਾਲੇ ਬਾਹਰ ਜਾਣ ਦੀ ਤਿਆਰੀ ਹੀ ਕਰ ਰਹੇ ਸਨ ਕਿ ਮਾਈ ਵਿਰਾਈ ਨੇ ਪ੍ਰਾਣ ਤਿਆਗ ਦਿੱਤੇ। ਸਾਰੇ ਹੈਰਾਨ ਰਹਿ ਗਏ। ਗੁਰੂ ਜੀ ਨੇ ਆਪਣੀ ਨਿਗਰਾਨੀ ਵਿਚ ਮਾਈ ਜੀ ਦਾ ਸਸਕਾਰ ਕੀਤਾ। ਇਸ ਕਾਰਜ ਤੋਂ ਵਿਹਲੇ ਹੋ ਕੇ ਸਾਰਿਆਂ ਨੇ ਸਲਾਹ ਮਸ਼ਵਰਾ ਕੀਤਾ ਕਿ ਗੁਰੂ ਜੀ ਨੂੰ ਸੌਂਪੇ ਹੋਏ ਕੰਮ ਨੂੰ ਅੱਗੇ ਵਧਾਉਣ ਲਈ ਕਿਥੇ ਡੇਰਾ ਜਮਾਉਣਾ ਚਾਹੀਦਾ ਹੈ। ਬਾਬਾ ਬੁੱਢਾ ਜੀ ਨੇ ਸਲਾਹ ਦਿੱਤੀ ਕਿ ਪਿੰਡ ਖਡੂਰ ਦੇ ਬਾਹਰ

ਇਕ ਉੱਚਾ ਟਿਬਾ ਹੈ, ਉਸ ਟਿੱਬੇ ਦਾ ਮਾਲਿਕ ਵੀ ਗੁਰੂ ਦਾ ਭਜਨੀਕ ਸਿੱਖ ਹੈ। ਸਿੱਖੀ ਮਿਸ਼ਨ ਅੱਗੇ ਤੋਰਨ ਵਾਸਤੇ ਉਥੇ ਟਿਕਾਣਾ ਬਣਾਉਣਾ ਚਾਹੀਦਾ ਹੈ। ਸਾਰੇ ਇਸ ਗੱਲ ਨਾਲ ਸਹਿਮਤ ਹੋ ਗਏ ਅਤੇ ਕੁਝ ਸਮੇਂ ਵਿਚ ਹੀ ਧਰਮਸਾਲਾ ਤਿਆਰ ਹੋ ਗਈ, ਲੰਗਰਖਾਨੇ ਬਣ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਵਹੀਰਾਂ ਘਤੀ ਖਡੂਰ ਸਾਹਿਬ ਵਿਖੇ ਆਉਣ ਲੱਗ ਗਈਆਂ।

ਗੁਰੂ ਨਾਨਕ ਦੇਵ ਜੀ ਦੇ ਸਿੱਖ ਜਿਹੜੇ ਕਰਤਾਰਪੁਰ ਜਾਇਆ ਕਰਦੇ ਸਨ, ਹੁਣ ਖਡੂਰ ਸਾਹਿਬ ਆਉਣ ਲੱਗੇ। ਕੁਝ ਸਮੇਂ ਵਿਚ ਹੀ ਖਡੂਰ ਸਾਹਿਬ ਗੁਰੂ ਕੀ ਨਗਰੀ ਕਰਤਾਰਪੁਰ ਵਿਚ ਹੀ ਬਦਲ ਗਿਆ। ਦੂਸਰੇ ਸਤਿਗੁਰੂ ਦੇ ਦਰਸ਼ਨ ਕਰਨ ਲਈ ਸਾਰੇ ਹਿੰਦੋਸਤਾਨ ਵਿਚੋਂ ਸਿੱਖ ਆਉਣ ਲੱਗੇ।



# ਮਾਤਾ ਖੀਵੀ ਜੀ

ਬੇਆਬਾਦ ਟਿੱਬੇ ਉਤੇ ਇਲਾਹੀ ਕੀਰਤਨ ਦਾ ਪ੍ਰਵਾਹ ਚਲ ਪਿਆ। ਦੀਵਾਨ ਲੱਗਦੇ ਅਤੇ ਗੁਰੂ ਜੀ ਰੱਬੀ ਬਾਣੀ ਦਾ ਪ੍ਰਚਾਰ ਕਰਦੇ। ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਆਪ ਦੋ ਵਾਰ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਆਏ। ਗੁਰੂ ਜੀ ਦੀ ਮਹਿਮਾ ਦੂਰ ਦੂਰ ਤਕ ਪਹੁੰਚ ਗਈ ਸੀ ਅਤੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਖਡੂਰ ਸਾਹਿਬ ਵਿਖੇ ਆਉਣ ਲੱਗੇ।

ਗੁਰੂ ਜੀ ਦੀ ਹੁਣ ਝਾਲ ਨਹੀਂ ਸੀ ਝੱਲੀ ਜਾਂਦੀ। ਜਿਹੜਾ ਵੀ ਉਨ੍ਹਾਂ ਦੇ ਇਕ ਵਾਰ ਦਰਸ਼ਨ ਕਰਦਾ ਸੀ, ਉਸਦਾ ਮਨ ਸ਼ਾਂਤ ਹੋ ਜਾਂਦਾ ਸੀ, ਉਸਦੀਆਂ ਸਭ ਭਟਕਣਾਵਾਂ ਮਿਟ ਜਾਂਦੀਆਂ ਸਨ ਅਤੇ ਉਹ ਗੁਰੂ ਜੀ ਦਾ ਹੀ ਹੋ ਕੇ ਰਹਿ ਜਾਂਦਾ ਸੀ। ਸਵੇਰ ਦੇ ਦੀਵਾਨ ਦਾ ਭੋਗ ਪੈਣ ਤੋਂ ਬਾਅਦ ਸੰਗਤਾਂ ਲੰਗਰ ਛਕਦੀਆਂ ਸਨ ਅਤੇ ਫਿਰ ਸੇਵਾ ਵਿਚ ਜੁੱਟ ਜਾਂਦੀਆਂ ਸਨ। ਕਿਤੇ ਸਕੂਲ ਬਣ ਰਹੇ ਸਨ, ਕਿਤੇ ਖੂਹ ਉਸਾਰੇ ਜਾ ਰਹੇ ਸਨ, ਅਤੇ ਕਿਤੇ ਪਹਿਲਵਾਨਾਂ ਦੇ ਅਖਾੜੇ ਬਣਾਏ ਜਾ ਰਹੇ ਸਨ। ਸਭ ਆਪਣੀ ਵਿੱਤ ਅਨੁਸਾਰ ਸੇਵਾ ਕਰ ਰਹੇ ਸਨ। ਪਰ ਇਨ੍ਹਾਂ ਵਿਚ ਜਿਹੜੇ ਸਭ ਤੋਂ ਵੱਡੇ ਸੇਵਾ ਦੇ ਪੁੰਜ ਸਨ, ਉਹ ਸਨ ਮਾਤਾ ਖੀਵੀ ਜੀ। ਗੁਰੂ ਜੀ ਨੇ ਆਪ ਜੀ ਨੂੰ ਲੰਗਰ ਦੀ ਸੇਵਾ ਬਖਸ਼ੀ ਸੀ।

ਮਾਤਾ ਜੀ ਦਾ ਇਹ ਨਿਤ ਦਾ ਨੇਮ ਸੀ ਕਿ ਉਹ ਪਹਿਰ ਰਾਤ ਰਹਿੰਦਿਆਂ ਉੱਠਦੇ, ਫਿਰ ਪਾਠ ਕਰਕੇ ਲੰਗਰ ਦੀ ਸੇਵਾ ਵਿਚ ਲੱਗ ਜਾਂਦੇ ਸਨ।

ਮਾਤਾ ਜੀ ਬੜੇ ਮਿੱਠੇ ਸੁਭਾਅ ਦੇ ਸਨ। ਉਹ ਆਪਣੇ ਹਥੀਂ ਦਾਲ ਸਬਜ਼ੀਆਂ ਤਿਆਰ ਕਰਦੇ ਸਨ ਅਤੇ ਕਿਸੇ ਵਿਅਕਤੀ ਨੂੰ ਵੀ ਭੁਖਾ ਨਹੀਂ ਸੀ ਜਾਣ ਦਿੰਦੇ। ਉਨ੍ਹਾਂ ਦੀ ਸੇਵਾ ਅਤੇ ਸਿਰੜ ਨੂੰ ਵੇਖ ਕੇ ਨਾਸਤਿਕ ਵੀ ਪੱਕੇ ਸਿੱਖ ਬਣ ਜਾਂਦੇ ਸਨ। ਰਬਾਬੀ ਬਲਵੰਡ ਜੀ ਉਨ੍ਹਾਂ ਦੇ ਮਿੱਠੇ ਸੁਭਾਅ ਬਾਰੇ ਲਿਖਦੇ ਹਨ ਕਿ ਮਾਤਾ ਜੀ ਏਨੇ ਠੰਡੇ ਸੁਭਾਅ ਦੇ ਸਨ, ਜਿੰਨੀ ਕਿਸੇ ਸੰਘਣੇ ਰੁੱਖ ਦੀ ਠੰਡੀ ਛਾਂ ਹੁੰਦੀ ਹੈ। ਉਨ੍ਹਾਂ ਦੇ ਕੋਲ ਜਿਹੜਾ ਵੀ ਆ ਕੇ ਬੈਠਦਾ ਸੀ ਉਸਦੇ ਕਲੇਜੇ ਵਿਚ ਠੰਡ ਪੈ ਜਾਂਦੀ ਸੀ। ਜਿਵੇਂ ਗੁਰੂ ਜੀ ਨਾਮ ਰਸ ਦੀ ਦੌਲਤ ਵੰਡ ਰਹੇ ਸਨ, ਉਸ ਤਰ੍ਹਾਂ ਹੀ ਮਾਤਾ ਖੀਵੀ ਜੀ ਲੰਗਰ ਵਿਚ ਖੁਲ੍ਹੇ ਹਥੀਂ ਪ੍ਰਸ਼ਾਦਿਆਂ ਦੇ ਗੱਫੇ ਵੰਡ ਰਹੇ ਸਨ। ਉਹ ਕਿਸੇ ਨਾਲ ਵਿਤਕਰਾ ਨਹੀਂ ਸੀ ਕਰਦੇ, ਘਿਉ ਵਾਲੀ ਖੀਰ ਸਭ ਨੂੰ ਦਿੱਤੀ ਜਾਂਦੀ ਸੀ। ਜਿਹੜਾ ਵਿਅਕਤੀ ਵੀ ਮਾਤਾ ਜੀ ਦੇ ਨੇੜੇ ਆਉਂਦਾ ਸੀ ਉਸ ਦਾ ਮੱਥਾ ਖਿੜ ਜਾਂਦਾ ਸੀ, ਪਰ ਈਰਖਾ ਕਰਨ ਵਾਲਿਆਂ ਅਤੇ ਮਨਮੁਖਾਂ ਦੇ ਮੂੰਹ ਪੀਲ਼ੇ ਹੋ ਜਾਂਦੇ ਸਨ। ਮਾਤਾ ਜੀ ਆਪਣੇ ਪੁੱਤਰਾਂ ਨੂੰ ਵੀ ਸਮਝਾਉਂਦੇ ਸਨ ਕਿ ਬਾਣੀ ਪੜ੍ਹਨ, ਆਪਣੇ ਹਥੀਂ ਕਿਰਤ ਕਰਨ ਅਤੇ ਗੁਰੂ ਘਰ ਦੀ ਸੇਵਾ ਵਿਚ ਕਿਸੇ ਭਿੰਨ ਭਾਵ ਤੋਂ ਬਗੈਰ ਲੱਗ ਜਾਣ। ਉਨ੍ਹਾਂ ਦੀਆਂ ਦੋ ਧੀਆਂ ਵੀ ਸਨ, ਉਨ੍ਹਾਂ ਨੂੰ ਉਹ ਬਾਣੀ ਕੰਠ ਕਰਨ ਤੇ ਜ਼ੋਰ ਦਿੰਦੇ। ਉਨ੍ਹਾਂ ਦੇ ਇਸ ਉਪਰਾਲੇ ਕਾਰਨ ਹੀ ਉਨ੍ਹਾਂ ਦੀਆਂ ਬੱਚੀਆਂ ਨੇ ਕਈ ਕਠਨ ਬਾਣੀਆਂ ਵੀ ਕੰਠ ਕਰ ਲਈਆਂ ਸਨ।

ਮਾਤਾ ਖੀਵੀ ਜੀ ਕਦੇ ਵੀ ਗੁਰੂ ਜੀ ਦੇ ਰਾਹ ਵਿਚ ਰੋੜਾ ਨਹੀਂ ਸਨ ਬਣੇ। ਜਦ ਗੁਰੂ ਜੀ ਸਤ

ਸਾਲ ਕਰਤਾਰਪੁਰ ਠਹਿਰੇ ਸਨ, ਤਾਂ ਉਨ੍ਹਾਂ ਨੇ ਕਦੀ ਮੱਥੇ ਤੇ ਵਟ ਨਹੀਂ ਸੀ ਪਾਇਆ ਅਤੇ ਆਪਣੇ ਪਤੀ ਦੇਵ ਦੇ ਹਰ ਸ਼ਬਦ ਨੂੰ ਸਤ ਬਚਨ ਕਰਕੇ ਮੰਨਿਆ ਸੀ। ਗੁਰੂ ਜੀ ਦੀ ਗ਼ੈਰ ਹਾਜ਼ਰੀ ਵਿਚ ਉਨ੍ਹਾਂ ਸਾਰਾ ਕਾਰੋਬਾਰ ਸੰਭਾਲ ਲਿਆ ਸੀ ਅਤੇ ਘਰ ਵਿਚ ਕੋਈ ਬਖੇੜਾ ਖੜਾ ਨਹੀਂ ਸੀ ਹੋਣ ਦਿੱਤਾ। ਜਦ ਭਾਈ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਬਣ ਗਏ ਤਾਂ ਉਨ੍ਹਾਂ ਵੀ ਸਿੱਖੀ ਮਾਰਗ ਅਪਨਾ ਲਿਆ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਪਾਠ ਕਰਦੇ ਅਤੇ ਪ੍ਰਭੂ ਦੀ ਰਜ਼ਾ ਵਿਚ ਰਹਿਣ ਵਿਚ ਪ੍ਰਸੰਨਤਾ ਅਨੁਭਵ ਕਰਦੇ।



# ਹਿਮਾਯੂੰ ਅਤੇ ਗੁਰੂ ਜੀ

ਬਾਬਰ ਦੀ ਮੌਤ ਦੇ ਪਿਛੋਂ ਉਸਦਾ ਵੱਡਾ ਪੁੱਤਰ ਨਸੀਰ-ਉਦ-ਦੀਨ ਹਿਮਾਯੂੰ ੨੯ ਦਸੰਬਰ, ੧੫੩੦ ਈ: ਨੂੰ ਆਗਰੇ ਦੇ ਤਖਤ 'ਤੇ ਬੈਠਾ। ਉਹ ਬੜਾ ਮਿਲਣਸਾਰ ਅਤੇ ਜੋਤਿਸ਼ ਵਿਦਿਆ ਦਾ ਮਾਹਿਰ ਸੀ। ਉਸ ਨੇ ਹਾਲੇ ਦਸ ਸਾਲ ਰਾਜ ਵੀ ਨਹੀਂ ਸੀ ਕੀਤਾ ਕਿ ਸ਼ੇਰ ਸ਼ਾਹ ਸੂਰੀ ਨਾਲ ਉਸਦੀ ਲੜਾਈ ਹੋ ਗਈ। ਇਸ ਲੜਾਈ ਵਿਚ ੧੭ ਮਈ, ੧੫੪੦ ਨੂੰ ਹਿਮਾਯੂੰ ਹਾਰ ਗਿਆ ਅਤੇ ਸ਼ੇਰ ਸ਼ਾਹ ਸੂਰੀ ਨੇ ਆਗਰੇ 'ਤੇ ਕਬਜ਼ਾ ਕਰ ਲਿਆ।

ਆਪਣੀ ਜਾਨ ਬਚਾਉਂਦਾ ਹਮਾਯੂੰ ਆਪਣੇ ਕੁਝ ਸਾਥੀਆਂ ਸਮੇਤ ਪੰਜਾਬ ਵਲ ਭੱਜ ਉਠਿਆ। ਨੱਠਦਾ ਭੱਜਦਾ ਜਦ ਉਹ ਲਾਹੌਰ ਵੱਲ ਜਾ ਰਿਹਾ ਸੀ ਤਾਂ ਰਸਤੇ ਵਿਚ ਉਸਦੇ ਦਰਬਾਰੀਆਂ ਨੇ ਦੱਸਿਆ ਕਿ ਬਾਬੇ ਨਾਨਕ ਦੀ ਗੱਦੀ ਉਤੇ ਜਿਹੜਾ ਇਕ ਪੁੱਜਾ ਹੋਇਆ ਫਕੀਰ ਬੈਠਾ ਹੈ, ਉਸਦਾ ਡੇਰਾ ਨੇੜੇ ਹੀ ਹੈ। ਦਰਬਾਰੀਆਂ ਦੀ ਇਹ ਗੱਲ ਸੁਣ ਕੇ ਹਿਮਾਯੂੰ ਨੂੰ ਕੁਝ ਤਸੱਲੀ ਹੋਈ। ਇਹ ਗੱਲ ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਬਾਬਾ ਨਾਨਕ ਉਸਦੇ ਪਿਤਾ ਬਾਬਰ ਨੂੰ ਮਿਲੇ ਸਨ। ਬਾਬਰ ਨੂੰ ਗੁਰੂ ਨਾਨਕ ਦੇਵ ਜੀ ਨੇ ਕੁਝ ਸਿਖਿਆਦਾਇਕ ਸ਼ਬਦ ਕਹੇ ਸਨ, ਜਿਸ ਉਤੇ ਅਮਲ ਕਰਨ ਦੀ ਉਸ ਕਸਮ ਖਾਧੀ ਸੀ। ਹਮਾਯੂੰ ਆਪਣੀ ਫੌਜ ਨੂੰ ਉਥੇ ਹੀ ਸੜਕ ਤੋਂ ਕੁਝ ਦੂਰ ਪੜਾਅ ਲਾਉਣ ਦਾ ਹੁਕਮ ਦੇ ਕੇ ਆਪ ਖਡੂਰ ਸਾਹਿਬ ਵੱਲ ਚੱਲ ਪਿਆ। ਉਨ੍ਹਾਂ ਦੇ ਨਾਲ ਕੁਝ ਚੋਣਵੇਂ ਅਹਿਲਕਾਰਾਂ ਤੋਂ ਉਪਰੰਤ ਉਨ੍ਹਾਂ ਦੀ ਵਿਦਵਾਨ ਭੈਣ 'ਗੁਲਬਦਨ' ਵੀ ਸੀ।

ਹਮਾਯੂੰ ਜਦ ਖਡੂਰ ਸਾਹਿਬ ਪੁੱਜਾ ਤਾਂ ਉਸ ਸੋਚਿਆ ਕਿ ਗੁਰੂ ਨਾਨਕ ਦੀ ਗੁਰ-ਗੱਦੀ ਉਤੇ ਬੈਠਣ ਵਾਲਾ ਫਕੀਰ ਕਿਸੇ ਛੋਟੇ ਮੋਟੇ ਮਕਾਨ ਜਾਂ ਝੌਂਪੜੀ ਵਿਚ ਰਹਿੰਦਾ ਹੋਵੇਗਾ। ਪਰ ਜਦ ਖਡੂਰ ਸਾਹਿਬ ਆ ਕੇ ਉਨ੍ਹਾਂ ਗੁਰੂ ਨਾਨਕ ਦੇ ਵਾਰਿਸ ਬਾਰੇ ਪੁਛਿਆ ਤਾਂ ਪਿੰਡ ਦੇ ਲੋਕਾਂ ਦੱਸਿਆ ਕਿ ਉਨ੍ਹਾਂ ਦਾ ਦਰਬਾਰ ਉੱਚੇ ਟਿੱਬੇ ਉਤੇ ਸਥਿਤ ਹੈ। ਹਮਾਯੂੰ ਘੋੜਾ ਭਜਾਉਂਦਾ ਹੋਇਆ ਆਪਣੇ ਅਹਿਲਕਾਰਾਂ ਸਮੇਤ ਦਰਬਾਰ ਦੇ ਨੇੜੇ ਪੁੱਜਾ। ਉਸ ਸਮੇਂ ਦਰਬਾਰ ਲੱਗਾ ਹੋਇਆ ਸੀ ਅਤੇ ਗੁਰੂ ਜੀ ਇਲਾਹੀ ਬਾਣੀ ਦੀ ਵਿਆਖਿਆ ਕਰ ਰਹੇ ਸਨ। ਦਰਬਾਰ ਦੇ ਬਾਹਰ ਕੁਝ ਸਿੱਖ ਖੜੇ ਸਨ। ਉਨ੍ਹਾਂ ਨੇ ਘੋੜਿਆਂ ਉੱਤੇ ਚੜ੍ਹੇ ਆਉਂਦੇ ਕੁਝ ਬੰਦਿਆਂ ਨੂੰ ਵੇਖਿਆ ਤਾਂ ਰੁਕਣ ਵਾਸਤੇ ਕਿਹਾ।

ਇਕ ਦਰਬਾਰੀ ਜਿਹੜਾ ਪੰਜਾਬ ਦਾ ਰਹਿਣ ਵਾਲਾ ਸੀ, ਨੇ ਉਨ੍ਹਾਂ ਸੇਵਾਦਾਰਾਂ ਨੂੰ ਕਿਹਾ ਕਿ ਬਾਦਸ਼ਾਹਾ ਹਮਾਯੂੰ ਗੁਰੂ ਅੰਗਦ ਦੇਵ ਜੀ ਨੂੰ ਮਿਲਣਾ ਚਾਹੁੰਦਾ ਹੈ। ਉਨ੍ਹਾਂ ਸੇਵਾਦਾਰਾਂ ਕਿਹਾ ਕਿ ਹਾਲੇ ਦਰਬਾਰ ਲੱਗਾ ਹੋਇਆ ਹੈ ਗੁਰੂ ਜੀ ਕਿਸੇ ਨੂੰ ਨਹੀਂ ਮਿਲ ਸਕਦੇ, ਪਰ ਜੇ ਤੁਸੀਂ ਸਤਸੰਗ ਸੁਣਨਾ ਹੈ ਤਾਂ ਪੈਦਲ ਅੰਦਰ ਜਾ ਕੇ ਧਰਤੀ ਉਤੇ ਬੈਠ ਸਕਦੇ ਹੋ। ਪਰ ਹਮਾਯੂੰ ਨੇ ਇਹ ਗੱਲ ਨਾ ਮੰਨੀ ਅਤੇ ਘੋੜਿਆਂ ਉਤੇ ਸਵਾਰ ਹੀ ਖੜੇ ਰਹੇ। ਜਦ ਸਤਸੰਗ ਸਮਾਪਤ ਹੋਇਆ ਤਾਂ ਵੱਡੀ ਗਿਣਤੀ ਵਿਚ ਸ਼ਰਧਾਲੂਆਂ ਨੂੰ ਬਾਹਰ ਨਿਕਲਦਾ ਵੇਖ ਹਮਾਯੂੰ ਬਹੁਤ ਹੈਰਾਨ ਹੋਇਆ।

ਫਿਰ ਉਹ ਘੋੜਿਆਂ ਤੋਂ ਉਤਰ ਕੇ ਦਰਬਾਰ ਵਿਚ ਗੁਰੂ ਜੀ ਦੇ ਸਨਮੁਖ ਹੋਏ। ਗੁਰੂ ਜੀ ਉਸ ਸਮੇਂ ਕੁਝ ਸਿੱਖਾਂ ਨਾਲ ਸਲਾਹ ਮਸ਼ਵਰਾ ਕਰ ਰਹੇ ਸਨ। ਜਦ ਕਾਫੀ ਸਮਾਂ ਉਨ੍ਹਾਂ ਹਮਾਯੂੰ ਵੱਲ ਨਾ ਤੱਕਿਆ ਤਾਂ ਹਮਾਯੂੰ ਗੁੱਸੇ ਵਿਚ ਆਕੇ ਮਿਆਨ ਵਿਚੋਂ ਤਲਵਾਰ ਕੱਢਣ ਲੱਗਾ। ਗੁਰੂ ਜੀ ਨੇ ਜਦ ਨਜ਼ਰ ਭਰ ਕੇ ਉਸ ਵਲ ਵੇਖਿਆ ਤਾਂ ਹੱਥ ਤਲਵਾਰ ਦੀ ਮੁੱਠ ਉਤੇ ਹੀ ਰਹਿ ਗਿਆ। ਗੁਰੂ ਜੀ ਨੇ ਫੁਰਮਾਇਆ, "ਹਮਾਯੂੰ ਇਸ ਤਲਵਾਰ ਨੂੰ ਸ਼ੇਰ ਸ਼ਾਹ ਸੂਰੀ ਦੇ ਸਾਹਮਣੇ ਕੱਢਣਾ ਸੀ, ਫਕੀਰਾਂ ਉਤੇ ਤਲਵਾਰਾਂ ਚਲਾਉਣਾ ਕੋਈ ਬਹਾਦਰੀ ਨਹੀਂ ਹੈ। ਹਮਾਯੂੰ ਸ਼ਰਮਿੰਦਾ ਹੋ ਗਿਆ ਅਤੇ ਉਥੋਂ ਹੀ ਵਾਪਿਸ ਮੁੜ ਗਿਆ। ਅਸੀਸ ਲੈਣ ਆਇਆ ਸੀ, ਇਕ ਵਿਲੱਖਣ ਸਿੱਖਿਆ ਲੈ ਕੇ ਚਲਾ ਗਿਆ।



# ਭਾਈ ਮਾਹਣਾ

ਹਮਾਯੂੰ ਨੇ ਜਿਹੜੀ ਸਿਖਿਆ ਗੁਰੂ ਜੀ ਪਾਸੋਂ ਲਈ, ਉਸ ਨੇ ਉਸਦੀ ਕਾਇਆਂ ਹੀ ਪਲਟ ਦਿੱਤੀ। ਉਸ ਨੂੰ ਇਹ ਪਤਾ ਲੱਗ ਗਿਆ ਸੀ ਕਿ ਉਹ ਇਕ ਡਰਪੋਕ ਸੀ, ਬੁਜ਼ਦਿਲ ਸੀ, ਏਸੇ ਕਰਕੇ ਉਹ ਹਾਰਿਆ ਸੀ। ਕਈ ਵਾਰ ਗੁਰੂ ਜੀ ਦਾ ਗੌਰਵਮਈ ਚਿਹਰਾ ਉਸਦੀਆਂ ਅੱਖਾਂ ਸਾਹਮਣੇ ਆਉਂਦਾ ਅਤੇ ਉਸ ਨੂੰ ਬਾਰ ਬਾਰ ਇਹ ਪ੍ਰੇਰਨਾ ਮਿਲਦੀ ਕਿ ਬਹਾਦਰ ਦਾ ਕੰਮ ਹੈ, ਆਪ ਤੋਂ ਵੀ ਵੱਡੇ ਵੈਰੀ ਨਾਲ ਲੜਨਾ। ਇਸ ਪ੍ਰੇਰਨਾ ਸਦਕਾ ਉਹ ਕਾਮਯਾਬ ਵੀ ਹੋਇਆ ਅਤੇ ਇਕ ਵਾਰ ਫਿਰ ਆਗਰੇ ਦੇ ਤਖ਼ਤ ਦਾ ਵਾਰਿਸ ਬਣਿਆ।

ਗੁਰੂ ਜੀ ਦੀ ਸ਼ਖਸੀਅਤ ਦਾ ਇਹੋ ਵੱਡਾ ਪਹਿਲੂ ਸੀ ਕਿ ਹਰ ਵਿਅਕਤੀ ਨੂੰ ਕੁਝ ਲਫਜ਼ਾਂ ਵਿਚ ਇਕ ਵੱਡੀ ਸਿਖਿਆ ਦੇ ਦਿੰਦੇ ਸਨ।

ਇਸ ਤਰ੍ਹਾਂ ਦੀ ਹੀ ਇਕ ਹੋਰ ਘਟਨਾ ਵਾਪਰੀ। ਭਾਈ ਮਾਹਣਾ ਲੰਗਰ ਦੀ ਸੇਵਾ ਕਰਦਾ ਸੀ, ਉਹ ਇਕ ਅਣਥੱਕ ਕਾਮਾ ਸੀ ਅਤੇ ਹਰ ਵੇਲੇ ਸੇਵਾ ਵਿਚ ਜੁਟਿਆ ਰਹਿੰਦਾ ਸੀ। ਉਹ ਏਨੀ ਸੇਵਾ ਕਰਦਾ ਸੀ ਕਿ ਉਸ ਨੂੰ ਇਹ ਅਹੰਕਾਰ ਹੋ ਗਿਆ ਕਿ ਉਸ ਤੋਂ ਚੰਗਾ ਹੋਰ ਕੋਈ ਸੇਵਾਦਾਰ ਨਹੀਂ ਹੈ। ਉਹ ਸੇਵਾ ਤਾਂ ਕਰਦਾ ਪਰ ਹਰ ਇਕ ਨਾਲ ਬਦਸਲੂਕੀ ਨਾਲ ਪੇਸ਼ ਆਉਂਦਾ। ਜੇ ਉਸ ਤੋਂ ਕੋਈ ਚੀਜ਼ ਮੰਗਦਾ ਤਾਂ ਉਹ ਅਗੋਂ ਕਹਿੰਦਾ, ਮੈਂ ਤੁਹਾਡੇ ਵਰਗੇ ਕੰਗਾਲਾਂ ਦਾ ਨੌਕਰ ਨਹੀਂ, ਮੈਂ ਗੁਰੂ ਦਾ ਸੇਵਕ ਹਾਂ, ਉਨ੍ਹਾਂ ਦਾ ਹੀ ਮੈਂ ਸੇਵਾਦਾਰ ਹਾਂ।''

ਸਿੱਖਾਂ ਨੇ ਜਦ ਉਸਦੇ ਅਜਿਹੇ ਦੁਰਵਿਹਾਰ ਦੀ ਸ਼ਿਕਾਇਤ ਗੁਰੂ ਪਾਸ ਕੀਤੀ ਤਾਂ ਗੁਰੂ ਜੀ ਨੇ ਉਸ ਨੂੰ ਸਮਝਾਇਆ ਕਿ ਉਸ ਨੂੰ ਆਪਣੇ ਵਤੀਰੇ ਨੂੰ ਠੀਕ ਕਰਨਾ ਚਾਹੀਦਾ ਹੈ ਅਤੇ ਹਰ ਮਨੁੱਖ ਨੂੰ ਬਰਾਬਰ ਸਮਝਣਾ ਚਾਹੀਦਾ ਹੈ। ਪਰ ਗੁਰੂ ਜੀ ਦੇ ਸਮਝਾਉਣ ਨਾਲ ਉਹ ਹੋਰ ਵੀ ਔਖਾ ਹੋ ਗਿਆ ਅਤੇ ਉਹ ਸਿੱਖਾਂ ਨੂੰ ਕਹਿਣ ਲੱਗ ਗਿਆ ਕਿ ਉਹ ਕਈ ਸਾਲਾਂ ਤੋਂ ਦਿਨ ਰਾਤ ਸੇਵਾ ਕਰਦਾ ਆ ਰਿਹਾ ਹੈ ਪਰ ਇਹ ਭੁੱਖੇ ਉਸਦੀਆਂ ਸ਼ਿਕਾਇਤਾਂ ਲਾਉਂਦੇ ਹਨ। ਇਸ ਤੋਂ ਬਾਅਦ ਜਦ ਕੋਈ ਲੋੜਵੰਦ ਉਸ ਤੋਂ ਕੁਝ ਮੰਗਦਾ ਤਾਂ ਉਹ ਕਹਿ ਦਿੰਦਾ ਮੇਰੇ ਪਾਸ ਕੁਝ ਨਹੀਂ, ਗੁਰੂ ਜੀ ਪਾਸੋਂ ਜਾ ਕੇ ਲੈ ਲਵੋ, ਜਿਨ੍ਹਾਂ ਪਾਸ ਮੇਰੀਆਂ ਸ਼ਿਕਾਇਤਾਂ ਕਰਦੇ ਹੋ।

ਜਦ ਗੁਰੂ ਜੀ ਨੂੰ ਉਸਦੇ ਇਸ ਰਵੱਈਏ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਬੁਲਾਇਆ ਅਤੇ ਕਿਹਾ, ''ਭਾਈ ਮਾਹਣਾ! ਤੇਰੀ ਸੇਵਾ ਦੀ ਸਾਨੂੰ ਕੋਈ ਲੋੜ ਨਹੀਂ ਹੈ। ਜਿਹੜਾ ਸਿੱਖਾਂ ਨਾਲ ਪਿਆਰ ਨਹੀਂ ਕਰਦਾ, ਉਹ ਗੁਰੂ ਨਾਲ ਕਦੇ ਪਿਆਰ ਨਹੀਂ ਕਰ ਸਕਦਾ। ਅਸਲੀ ਸੇਵਾ ਉਹ ਹੈ ਜਿਹੜੀ ਲੋੜਵੰਦਾਂ ਦੀ ਕੀਤੀ ਜਾਵੇ।'' ਭਾਈ ਮਾਹਣੇ ਨੂੰ ਸੋਝੀ ਆ ਗਈ ਅਤੇ ਉਸਦਾ ਸਾਰਾ ਅਹੰਕਾਰ ਜਾਂਦਾ ਰਿਹਾ। ਉਸ ਨੇ ਗੁਰੂ ਜੀ ਤੋਂ ਮੁਆਫੀ ਮੰਗੀ ਅਤੇ ਅੱਗੇ ਤੋਂ ਹਰ ਮਨੁੱਖ ਨਾਲ ਬੜੇ ਪਿਆਰ ਨਾਲ ਪੇਸ਼ ਆਉਣ ਦਾ ਵਾਇਦਾ ਕੀਤਾ। ਭਾਈ ਮਾਹਣੇ ਵੱਲ ਵੇਖ ਕੇ ਬਾਕੀ ਸਿੱਖਾਂ ਨੂੰ ਅਸਲੀ ਸਿੱਖੀ ਮਾਰਗ

ਦੀ ਸੋਝੀ ਆ ਗਈ। ਗੁਰੂ ਜੀ ਨੇ ਸਾਰੇ ਸ਼ਰਧਾਲੂਆਂ ਨੂੰ ਸਮਝਾਉਂਦਿਆਂ ਕਿਹਾ, "ਸਿੱਖ ਦਾ ਸਭ ਤੋਂ ਪਹਿਲਾ ਕਰਮ ਹੈ ਹਰ ਲੋੜਵੰਦ ਦੀ ਸੇਵਾ ਕਰਨਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਛੱਡ ਕੇ ਨਿਮਰਤਾ ਵਾਲਾ ਜੀਵਨ ਬਤੀਤ ਕਰਨਾ। ਜਿਹੜਾ ਘੁਮੰਡ ਕਰਦਾ ਹੈ ਅਤੇ ਆਪਣੇ ਆਪ ਨੂੰ ਦੂਸਰੇ ਨਾਲੋਂ ਵਧੀਆ ਸਮਝਦਾ ਹੈ, ਉਹ ਭੁਲੇਖੇ ਵਿਚ ਹੈ। ਪ੍ਰਭੂ ਨੇ ਸਭ ਮਨੁੱਖ ਬਰਾਬਰ ਪੈਦਾ ਕੀਤੇ ਹਨ। ਸਾਰੇ ਵਰਣ ਇਕ ਸਮਾਨ ਹਨ। ਕੋਈ ਉੱਚਾ ਨੀਵਾਂ, ਅਛੂਤ ਜਾਂ ਨੀਚ ਨਹੀਂ ਹੈ। ਅਸਲ ਵਿਚ ਜਿਹੜਾ ਨੀਵਾਂ ਹੈ ਉਹ ਹੀ ਉੱਚਾ ਹੈ, ਉਹ ਹੀ ਮਹਾਨ ਹੈ।"

ਗੁਰੂ ਸਾਹਿਬ ਦੀ ਇਹ ਸਿੱਖਿਆ ਸੁਣ ਕੇ ਸਭ ਸਿੱਖਾਂ ਨੇ ਸਿਰ ਝੁਕਾਇਆ ਗੁਰੂ ਜੀ ਦੀ ਸਿੱਖਿਆ ਦਾ ਹੀ ਇਹ ਪ੍ਰਭਾਵ ਸੀ ਕਿ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਕਈ ਬੜੇ ਪੂਜਨੀਕ ਸਿੱਖ ਹੋਏ ਹਨ। ਭਾਈ ਗੁਰਦਾਸ ਜੀ ਨੇ ਇਨ੍ਹਾਂ ਸਾਰੇ ਕਰਨੀ ਵਾਲੇ ਸਿੱਖਾਂ ਦਾ ਆਪਣੀਆਂ ਵਾਰਾਂ ਵਿਚ ਵਰਣਨ ਕੀਤਾ ਹੈ।



# ਮਲੂਕਾ ਸ਼ਰਾਬੀ

ਖਡੂਰ ਸਾਹਿਬ ਵਿਖੇ ਇਕ ਜਵਾਹਰ ਲਾਲ ਨਾਮੀਂ ਚੌਧਰੀ ਰਹਿੰਦਾ ਸੀ। ਬਹੁਤ ਜ਼ਿਆਦਾ ਸ਼ਰਾਬ ਪੀਣ ਕਰਕੇ ਲੋਕ ਉਸ ਨੂੰ ਮਲੂਕਾ ਸ਼ਰਾਬੀ ਕਹਿੰਦੇ ਸਨ। ਜਦ ਗੁਰੂ ਜੀ ਦੀ ਸ਼ੋਭਾ ਦੂਰ ਦੂਰ ਤਕ ਹੋਣ ਲੱਗੀ ਅਤੇ ਵੱਡੇ ਵੱਡੇ ਪਤਵੰਤੇ ਅਤੇ ਸੰਤ ਮਹਾਤਮਾਂ ਉਨ੍ਹਾਂ ਦੇ ਦਰਬਾਰ ਵਿਚ ਆਉਣ ਲੱਗੇ ਤਾਂ ਉਹ ਬਹੁਤ ਈਰਖਾ ਕਰਨ ਲੱਗਾ। ਉਹ ਨਿੱਤ ਗੁਰੂ ਦੀਆਂ ਸੰਗਤਾਂ ਨੂੰ ਤੰਗ ਕਰਨ ਲੱਗਾ। ਕਈ ਵਾਰ ਸ਼ਰਾਬ ਪੀ ਕੇ ਉਹ ਸ਼ਰਧਾਲੂਆਂ ਨੂੰ ਗਾਲ੍ਹਾਂ ਵੀ ਕੱਢਦਾ। ਜਦ ਸਿੱਖ ਗੁਰੂ ਜੀ ਪਾਸ ਸ਼ਿਕਾਇਤ ਕਰਦੇ ਤਾਂ ਉਹ ਕਹਿੰਦੇ, "ਰੱਬ ਦੀ ਰਜ਼ਾ ਵਿਚ ਰਹਿਣਾ ਸਿਖੋ, ਜੇ ਕੋਈ ਮਾੜਾ ਕਰਮ ਕਰਦਾ ਹੈ ਤਾਂ ਸਾਨੂੰ ਵੀ ਮਾੜੇ ਨਹੀਂ ਹੋ ਜਾਣਾ ਚਾਹੀਦਾ। ਜਿਸ ਤਰ੍ਹਾਂ ਕੋਈ ਕਰਮ ਕਰਦਾ ਹੈ ਅਜਿਹਾ ਹੀ ਫਲ ਪਾ ਲੈਂਦਾ ਹੈ, ਤੁਸੀਂ ਉਸਦੀਆਂ ਗੱਲਾਂ ਵਲ ਧਿਆਨ ਨਾ ਦੇਵੋ।"

ਕੁਝ ਸਮੇਂ ਬਾਅਦ ਜ਼ਿਆਦਾ ਸ਼ਰਾਬ ਪੀਣ ਕਾਰਨ ਮਲੂਕੇ ਨੂੰ ਮਿਰਗੀ ਪੈਣ ਲੱਗ ਗਈ। ਮਲੂਕੇ ਨੂੰ ਇਸ ਰੋਗ ਨੇ ਬਹੁਤ ਦੁਖੀ ਕੀਤਾ। ਪਿੰਡ ਦੇ ਲੋਕਾਂ ਨੇ ਉਸ ਨੂੰ ਸਮਝਾਇਆ ਕਿ ਗੁਰੂ ਅੰਗਦ ਦੇਵ ਜੀ ਰੱਬੀ ਜੋਤ ਹਨ, ਤੁਸੀਂ ਉਨ੍ਹਾਂ ਦੀ ਨਿੰਦਿਆ ਕਰਦੇ ਰਹੇ ਹੋ ਇਸ ਲਈ ਤੁਹਾਨੂੰ ਇਸ ਰੋਗ ਨੇ ਘੇਰ ਲਿਆ ਹੈ। ਪਰ ਉਹ ਫਿਰ ਵੀ ਸਦਾ ਦਿਆਲੂ ਹਨ। ਅੰਮ੍ਰਿਤ ਵੇਲੇ ਉਹ ਜਿਸ ਨੂੰ ਤੱਕ ਲੈਣ ਉਸਦੇ ਸਾਰੇ ਰੋਗ ਦੂਰ ਹੋ ਜਾਂਦੇ ਹਨ, ਪਰ ਜਿਹੜਾ ਉਨ੍ਹਾਂ ਦੇ ਚਰਨੀਂ ਜਾ ਲੱਗੇ ਉਸ ਦਾ ਬੇੜਾ ਪਾਰ ਹੋ ਜਾਂਦਾ ਹੈ।

ਲੋਕਾਂ ਦੇ ਸਮਝਾਉਣ ਉਤੇ ਮਲੂਕਾ ਗੁਰੂ ਜੀ ਦੇ ਦਰਸ਼ਨਾਂ ਨੂੰ ਗਿਆ। ਉਸ ਨੇ ਗੁਰੂ ਜੀ ਨੂੰ ਆਪਣੀ ਬਿਮਾਰੀ ਬਾਰੇ ਵੀ ਦੱਸਿਆ। ਗੁਰੂ ਜੀ ਉਸ ਉਤੇ ਬੜੇ ਪ੍ਰਸੰਨ ਹੋਏ ਅਤੇ ਉਨ੍ਹਾਂ ਕਿਹਾ, "ਚੌਧਰੀ ਜੀ ! ਹੁਣ ਸ਼ਰਾਬ ਛੱਡ ਦੇਵੋ, ਮਿਰਗੀ ਉਸੇ ਦਿਨ ਤੋਂ ਹੱਟ ਜਾਵੇਗੀ।" ਮਲੂਕੇ ਨੇ ਗੁਰੂ ਜੀ ਦੀ ਗੱਲ ਨੂੰ ਮੰਨ ਲਿਆ ਅਤੇ ਉਸ ਸ਼ਰਾਬ ਛੱਡ ਦਿੱਤੀ। ਅਗਲੇ ਦਿਨ ਤੋਂ ਹੀ ਮਿਰਗੀ ਪੈਣੀ ਬੰਦ ਹੋ ਗਈ ਅਤੇ ਮਲੂਕਾ ਅਰੋਗ ਹੋ ਗਿਆ। ਹੁਣ ਉਹ ਗੁਰੂ ਦੇ ਸਿੱਖਾਂ ਨੂੰ ਗਾਲ੍ਹਾਂ ਕੱਢਣ ਦੀ ਬਿਜਾਏ ਉਨ੍ਹਾਂ ਦੀ ਸੇਵਾ ਕਰਦਾ। ਪਰ ਜਦ ਇਕ ਜੋਗੀ ਨੇ ਵੇਖਿਆ ਕਿ ਮਲੂਕਾ ਤਾਂ ਗੁਰੂ ਦਾ ਸਿੱਖ ਹੀ ਬਣ ਗਿਆ ਹੈ ਤਾਂ ਉਸ ਮਲੂਕੇ ਨੂੰ ਕਿਹਾ, "ਚੌਧਰੀ ! ਸ਼ਰਾਬ ਦਾ ਮਿਰਗੀ ਨਾਲ ਕੋਈ ਸੰਬੰਧ ਨਹੀਂ, ਅਸੀਂ ਜੋਗੀ ਹਰ ਰੋਗ ਬਾਰੇ ਜਾਣਦੇ ਹਾਂ ਅਤੇ ਉਸਦੇ ਇਲਾਜ ਦਾ ਵੀ ਸਾਨੂੰ ਗਿਆਨ ਹੈ। ਤੁਸੀਂ ਇਸ ਇਲਾਕੇ ਦੇ ਚੌਧਰੀ ਹੋ, ਖਾਣਾ ਪੀਣਾ ਤਾਂ ਤੁਹਾਡਾ ਹੱਕ ਹੈ, ਇਸ ਲਈ ਸ਼ਰਾਬ ਪੀਓ ਮਾਸ ਖਾਓ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਉਸ ਜੋਗੀ ਨੇ ਇਹ ਵੀ ਕਿਹਾ ਕਿ ਗੁਰੂ ਜੀ ਤੇਰਾ ਕੀ ਵਿਗਾੜ ਲੈਣਗੇ ।

ਮਲੂਕਾ ਜੋਗੀ ਦੀਆਂ ਗੱਲਾਂ ਵਿਚ ਆ ਗਿਆ ਤੇ ਅਗਲੇ ਦਿਨ ਉਸ ਫਿਰ ਸ਼ਰਾਬ ਪੀ ਲਈ। ਉਹ ਸ਼ਰਾਬ ਉਸ ਨੂੰ ਏਨੀਂ ਚੜ੍ਹੀ ਕਿ ਉਹ ਘੁੰਮਣ-ਘੇਰੀਆਂ ਖਾਂਦਾ, ਕੋਠੇ ਤੋਂ ਥੱਲੇ ਡਿੱਗ ਕੇ ਮਰ ਗਿਆ। ਜਦ ਗੁਰੂ ਜੀ ਨੂੰ ਉਸ ਦੀ ਮੌਤ ਦਾ ਪਤਾ ਲੱਗਾ ਤਾਂ ਉਨ੍ਹਾਂ ਸਾਰੀ ਸੰਗਤ ਨੂੰ ਅਲਾਹਣੀਆ ਦਾ ਪਾਠ

ਕਰਨ ਨੂੰ ਕਿਹਾ ਤਾਂ ਕਿ ਕੋਈ ਸਿੱਖ ਭੈੜੀ ਵਾਦੀ ਅਤੇ ਭੈੜੀ ਸੰਗਤ ਨਾ ਗ੍ਰਹਿਣ ਕਰੇ। ਸਾਰੇ ਲੋਕ ਸਮਝ ਗਏ ਸਨ ਕਿ ਸਤਿਗੁਰਾਂ ਦੇ ਜੋ ਬਚਨ ਨਹੀਂ ਮੰਨਦਾ, ਉਸ ਦਾ ਇਹੋ ਹਾਲ ਹੁੰਦਾ ਹੈ।

ਅਗਲੇ ਦਿਨ ਗੁਰੂ ਜੀ ਨੇ ਸਤਿਸੰਗ ਵਿਚ ਸਾਰੀ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, "ਸਾਨੂੰ ਨਸ਼ਿਆਂ ਤੋਂ ਬਚਣਾ ਚਾਹੀਦਾ ਹੈ। ਕਿਸੇ ਪ੍ਰਕਾਰ ਦਾ ਨਸ਼ਾ ਵੀ ਠੀਕ ਨਹੀਂ ਹੈ। ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ :-

*ਬਾਬਾ ਹੋਰੁ ਖਾਣਾ ਖੁਸੀ ਖੁਆਰੁ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰਿ॥*

"ਸਾਨੂੰ ਅਜਿਹੇ ਪਦਾਰਥ ਦਾ ਸੇਵਨ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਾਡਾ ਸਰੀਰ ਵੀ ਦੁਖੀ ਹੋਵੇ ਅਤੇ ਮਨ ਵਿਚ ਕਈ ਪ੍ਰਕਾਰ ਦੇ ਭੈੜੇ ਵਿਕਾਰ ਪੈਦਾ ਹੋਣ।"



# ਹੇਮੂ ਬਾਣੀਆ

ਹੇਮੂ ਬਾਣੀਆ ਸਲੇਮ ਸ਼ਾਹ ਬਾਦਸ਼ਾਹ ਦਾ ਇਕ ਭਰੋਸੇ ਯੋਗ ਅਹਿਲਕਾਰ ਸੀ। ਉਹ ਬੜਾ ਚੁਸਤ ਚਾਲਾਕ ਅਤੇ ਹੈਂਕੜ ਬਾਜ਼ ਸੀ। ਇਕ ਵਾਰ ਉਸ ਨੂੰ ਪਤਾ ਲੱਗਾ ਕਿ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਗੁਰੂ ਅੰਗਦ ਦੇਵ ਜੀ ਬੈਠੇ ਹਨ ਅਤੇ ਉਨ੍ਹਾਂ ਦਾ ਡੇਰਾ ਲਾਹੌਰ ਨੂੰ ਜਾਂਦੀ ਮੁਖ ਸੜਕ ਦੇ ਨੇੜੇ ਖਡੂਰ ਸਾਹਿਬ ਹੈ। ਉਹ ਕਿਸੇ ਤਰ੍ਹਾਂ ਵੀ ਦਿੱਲੀ ਦਾ ਬਾਦਸ਼ਾਹ ਬਣਨਾ ਚਾਹੁੰਦਾ ਸੀ। ਉਸ ਦੇ ਇਕ ਸਾਥੀ ਨੇ ਦੱਸਿਆ ਕਿ ਗੁਰੂ ਅੰਗਦ ਦੇਵ ਜੀ ਜਿਸ ਉਤੇ ਵੀ ਆਪਣੀ ਦਿੱਬ-ਦ੍ਰਿਸ਼ਟੀ ਪਾਉਣ ਉਹ ਮੂੰਹ ਮੰਗੀ ਮੁਰਾਦ ਪਾ ਲੈਂਦਾ ਹੈ। ਹੇਮੂ ਬਾਣੀਏ ਨੂੰ ਹੋਰ ਕੀ ਚਾਹੀਦਾ ਸੀ ਉਸ ਕਿਹਾ, "ਇਨ੍ਹਾਂ ਸਾਧਾਂ ਫਕੀਰਾਂ ਦੀ ਦਿੱਬ-ਦ੍ਰਿਸ਼ਟੀ ਪਵਾਉਣੀ ਕਿਹੜੀ ਔਖੀ ਹੈ, ਇਨ੍ਹਾਂ ਨੂੰ ਖੁਸ਼ ਕਰਨ ਨਾਲ ਸਭ ਦਾਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਮੈਂ ਹੁਣ ਇਕ ਬਾਦਸ਼ਾਹ ਦੇ ਮੁਖੀ ਅਹਿਲਕਾਰਾਂ ਵਿਚੋਂ ਇਕ ਹਾਂ, ਮੈਂ ਉਨ੍ਹਾਂ ਨੂੰ ਕਈ ਪਿੰਡ ਦਾਨ ਵਜੋਂ ਦੇ ਸਕਦਾ ਹਾਂ, ਉਨ੍ਹਾਂ ਨੂੰ ਇਕ ਵੱਡੀ ਜਾਗੀਰ ਮਿਲ ਜਾਵੇਗੀ ਉਹ ਕਿਉਂ ਖੁਸ਼ ਨਾ ਹੋਣਗੇ ?"

ਉਹ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਖਡੂਰ ਸਾਹਿਬ ਪਹੁੰਚ ਗਿਆ। ਇਕ ਲੰਮੇ ਪੰਧ ਤੋਂ ਆਉਣ ਕਰਕੇ ਹੇਮੂ ਨੂੰ ਭੁੱਖ ਲੱਗੀ ਹੋਈ ਸੀ ਇਸ ਲਈ ਉਸ ਕੁਝ ਸਿੱਖਾਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਆਦੇਸ਼ ਕੀਤਾ ਕਿ ਸਾਡੇ ਵਾਸਤੇ ਤਾਜ਼ਾ ਲੰਗਰ ਤਿਆਰ ਕਰਕੇ ਲਿਆਂਦਾ ਜਾਵੇ। ਉਸ ਨੇ ਖਾਣਾ ਤਿਆਰ ਕਰਨ ਵਾਲੀਆਂ ਸਬਜ਼ੀਆਂ ਆਦਿ ਦਾ ਵੇਰਵਾ ਵੀ ਦੱਸ ਦਿੱਤਾ ਅਤੇ ਨਾਲ ਰੋਹਬ ਨਾਲ ਇਹ ਵੀ ਕਹਿ ਦਿੱਤਾ ਕਿ ਖਾਣਾ ਤਿਆਰ ਕਰਨ ਵਿਚ ਜੋ ਵੀ ਲਾਗਤ ਆਏਗੀ ਉਹ ਆਪ ਅਦਾ ਕਰੇਗਾ। ਇਸ ਕਾਰਜ ਲਈ ਉਸ ਕੁਝ ਅਸ਼ਰਫੀਆਂ ਸੇਵਾਦਾਰਾਂ ਵਲ ਵਧਾਈਆਂ।

ਲੰਗਰ ਦੇ ਮੁਖ ਸੇਵਾਦਾਰ ਨੇ ਉਸਦੀਆਂ ਇਹ ਗੱਲਾਂ ਸੁਣੀਆਂ ਅਤੇ ਦੋ-ਟੁਕ ਜਵਾਬ ਦਿੰਦੇ ਹੋਏ ਕਿਹਾ, "ਇਹ ਗੁਰੂ ਦਾ ਲੰਗਰ ਹੈ, ਇਥੇ ਜੋ ਤਿਆਰ ਹੁੰਦਾ ਹੈ, ਉਹੀ ਖਾਣਾ ਪੈਂਦਾ ਹੈ ਅਤੇ ਲੰਗਰ ਛਕਣ ਦਾ ਕੋਈ ਮੁੱਲ ਨਹੀਂ ਹੈ।"

ਹੇਮੂ ਇਸ ਗੱਲ ਉਤੇ ਬੜਾ ਨਾਰਾਜ਼ ਹੋਇਆ। ਫਿਰ ਉਸ ਗੁਰੂ ਜੀ ਦੇ ਦਰਸ਼ਨ ਕਰਨ ਦੀ ਆਗਿਆ ਮੰਗੀ। ਇਸ ਬਾਰੇ ਸੇਵਾਦਰ ਨੇ ਕਿਹਾ ਕਿ ਗੁਰੂ ਜੀ ਕੇਵਲ ਸਮੇਂ ਸਿਰ ਹੀ ਮਿਲ ਸਕਦੇ ਹਨ। ਕਿਸੇ ਨੂੰ ਉਚੇਚਾ ਦਰਸ਼ਨ ਨਹੀਂ ਦਿੰਦੇ। ਇਹ ਗੱਲ ਸੁਣ ਕੇ ਹੇਮੂ ਬੜੇ ਕਰੋਧ ਵਿਚ ਕੜਕਿਆ, ਤੁਹਾਨੂੰ ਪਤਾ ਨਹੀਂ ਮੈਂ ਹਿੰਦੋਸਤਾਨ ਦੇ ਬਾਦਸ਼ਾਹ ਦਾ ਮਸ਼ੀਰ ਹਾਂ, ਮੈਂ ਜੋ ਜੀਅ ਆਵੇ ਕਰ ਸਕਦਾ ਹਾਂ, ਮੇਰੇ ਪਾਸ ਫੌਜ ਹੈ, ਧੰਨ ਹੈ, ਦੌਲਤ ਹੈ, ਅਧਿਕਾਰ ਹੈ।" ਪਰ ਸਿੱਖਾਂ ਨੇ ਉਸ ਦੀ ਕਿਸੇ ਗੱਲ ਵੱਲ ਧਿਆਨ ਨਾ ਦਿੱਤਾ। ਸਮਾਂ ਹੋਣ ਤੇ ਉਸ ਨੂੰ ਗੁਰੂ ਜੀ ਨਾਲ ਮਿਲਾਇਆ ਗਿਆ। ਗੁਰੂ ਜੀ ਪਾਸ ਵੀ ਉਸ ਬਹੁਤ ਡੀਂਗਾਂ ਮਾਰੀਆਂ ਅਤੇ ਕਿਹਾ, "ਮੈਂ ਇਸ ਇਲਾਕੇ ਦੇ ਪੰਜਾਹ ਪਿੰਡ ਤੁਹਾਡੇ ਦਰਬਾਰ ਦੇ ਨਾਂ ਕਰਨ ਆਇਆ ਹਾਂ ਤਾਂ ਕਿ ਲੰਗਰ ਚਲਦਾ ਰਹੇ ਅਤੇ ਤੁਹਾਨੂੰ ਕਿਸੇ ਗੱਲ ਦੀ ਘਾਟ ਨਾ ਆਵੇ।"

ਗੁਰੂ ਜੀ ਨੇ ਕਿਹਾ, "ਇਹ ਲੰਗਰ ਜਗੀਰਾਂ ਨਾਲ ਨਹੀਂ ਚਲਦੇ, ਤੁਸੀਂ ਇਹ ਜਾਗੀਰਾਂ ਆਪਣੇ ਪਾਸ ਹੀ ਰਖੋ। ਅਜ ਇਸ ਜਾਗੀਰ ਦੇ ਤੁਸੀਂ ਮਾਲਿਕ ਹੋ, ਕਲ੍ਹ ਨੂੰ ਕੋਈ ਹੋਰ ਹੋ ਜਾਵੇਗਾ। ਇਹ ਧੰਨ ਦੌਲਤ ਕਿਸੇ ਦੇ ਨਾਲ ਨਹੀਂ ਗਿਆ, ਕੇਵਲ ਪ੍ਰਭੂ ਦਾ ਨਾਮ ਹੀ ਸਾਥ ਦਿੰਦਾ ਹੈ।"

ਹੇਮੂ ਬਾਣੀਏ ਦਾ ਸਾਰਾ ਕ੍ਰੋਧ ਜਾਂਦਾ ਰਿਹਾ ਅਤੇ ਬੜੇ ਮਿਠੇ ਸ਼ਬਦਾਂ ਵਿਚ ਉਹ ਕਹਿਣ ਲੱਗਾ, "ਮਹਾਂ ਪੁਰਖੋ! ਮੈਥੋਂ ਭੁਲ ਹੋ ਗਈ ਹੈ, ਦਾਸ ਜਾਣ ਕੇ ਬਖਸ਼ ਦੇਵੋ। ਮੈਂ ਦਸ ਪਿੰਡ ਤੁਹਾਡੇ ਨਾਂ ਕਰਨ ਆਇਆ ਹਾਂ, ਮੇਰੀ ਬੇਨਤੀ ਸਵੀਕਾਰ ਕਰ ਲਵੋ।" ਪਰ ਗੁਰੂ ਜੀ ਨੇ ਇਨਕਾਰ ਕਰਦਿਆਂ ਕਿਹਾ, ਹੇਮੂ, ਇਹ ਧਰਤੀ ਕਿਸੇ ਦੀ ਨਹੀਂ ਹੈ ਅਤੇ ਇਹ ਨਾ ਹੀ ਕਿਸੇ ਦੇ ਨਾਲ ਜਾਂਦੀ ਹੈ।

ਹੇਮੂ ਗੁੱਸੇ ਦਾ ਭਰਿਆ ਉਥੋਂ ਚਲੇ ਗਿਆ।



# ਗੁਸਾਈਂ ਦੇਵ ਗਿਰੀ

ਹੇਮੂ ਬਾਣੀਏ ਦਾ ਅਹੰਕਾਰ ਤਾਂ ਟੁੱਟ ਗਿਆ, ਪਰ ਹਿੰਦੋਸਤਾਨ ਦਾ ਬਾਦਸ਼ਾਹ ਬਣਨ ਦੀ ਲਾਲਸਾ ਉਸ ਵਿਚੋਂ ਨਾ ਗਈ। ਇਸ ਕਾਰਜ ਲਈ ਉਸ ਕਈ ਪਾਪੜ ਵੇਲੇ। ਪਹਿਲਾਂ ਉਹ ਮੁਸਲਮਾਨ ਬਣ ਗਿਆ, ਫਿਰ ਬਿਕ੍ਰਮਜੀਤ ਨਾਂ ਰੱਖ ਕੇ ਬਾਦਸ਼ਾਹ ਬਣ ਗਿਆ, ਪਰ ਕੁਝ ਹੀ ਸਮੇਂ ਬਾਅਦ ਪਾਨੀਪਤ ਦੀ ਦੂਜੀ ਲੜਾਈ ਵਿਚ ਅਕਬਰ ਦੇ ਜਰਨੈਲ ਬੈਰਮ ਖਾਂ ਦੇ ਹਥੋਂ ਹਾਰ ਕੇ ਕੁੱਤੇ ਦੀ ਮੌਤ ਮਰਿਆ। ਉਹੋ ਧਰਤੀ ਜਿਹੜੀ ਉਹ ਗੁਰੂ ਦੇ ਲੰਗਰ ਦੇ ਨਾਂ ਲਾਉਣਾ ਚਾਹੁੰਦਾ ਸੀ, ਅਕਬਰ ਬਾਦਸ਼ਾਹ ਦੀ ਹੋ ਗਈ।

ਉਨ੍ਹਾਂ ਦਿਨਾਂ ਵਿਚ ਹੀ ਦੇਵ ਗਿਰੀ ਨਾਮੀ ਇਕ ਗੁਸਾਈਂ ਆਪਣੇ ਕੁਝ ਸਾਥੀਆਂ ਨੂੰ ਲੈ ਕੇ ਖਡੂਰ ਸਾਹਿਬ ਪਹੁੰਚ ਗਿਆ। ਇਥੇ ਆ ਕੇ ਉਸ ਵੇਖਿਆ ਕਿ ਦਿਨ ਰਾਤ ਲੰਗਰ ਚਲਦਾ ਹੈ, ਦਰਬਾਰ ਲੱਗਦਾ ਹੈ, ਰੱਬੀ ਕੀਰਤਨ ਹੁੰਦਾ ਹੈ ਅਤੇ ਸਾਰੇ ਸਿੱਖ ਬੜੇ ਪ੍ਰੇਮ ਨਾਲ ਸੇਵਾ ਕਰ ਰਹੇ ਹਨ। ਇਹ ਕੁਝ ਵੇਖ ਕੇ ਉਹ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਵੀ ਇਹ ਇਰਾਦਾ ਬਣਾਇਆ ਕਿ ਆਪਣੀ ਜ਼ਿੰਦਗੀ ਦੀ ਕਮਾਈ ਗੁਰੂ ਜੀ ਨੂੰ ਅਰਪਨ ਕਰੇ। ਉਸ ਨੇ ਇਕ ਪੋਟਲੀ ਗੁਰੂ ਜੀ ਅੱਗੇ ਭੇਟ ਕੀਤੀ ਅਤੇ ਕਿਹਾ, "ਇਸ ਪੋਟਲੀ ਵਿਚ ਪਾਰਾ ਮਾਰ ਕੇ ਰਖਿਆ ਗਿਆ ਹੈ, ਇਸ ਪਾਰੇ ਨਾਲ ਜੇ ਤਾਂਬੇ ਨੂੰ ਰਗੜਿਆ ਜਾਵੇ ਤਾਂ ਉਹ ਝਟ ਸੋਨਾ ਬਣ ਜਾਂਦਾ ਹੈ।" ਜਦ ਕੁਝ ਸਿੱਖਾਂ ਨੇ ਇਸ ਬਾਰੇ ਸੰਦੇਹ ਪ੍ਰਗਟ ਕੀਤਾ ਤਾਂ ਉਸ ਇਕ ਸੁਨਿਆਰੇ ਨੂੰ ਬੁਲਾਇਆ ਅਤੇ ਕਸੌਟੀ ਤੇ ਲਵਾ ਕੇ ਉਸਦੀ ਪੁਸ਼ਟੀ ਕਰਵਾ ਦਿੱਤੀ। ਦੇਵ ਗਿਰੀ ਆਪਣੇ ਇਸ ਕਰਤਬ ਤੇ ਖੁਸ਼ ਹੋਇਆ ਅਤੇ ਬੋਲਿਆ, "ਮਹਾਰਾਜ ! ਤੁਹਾਨੂੰ ਧੰਨ ਦੀ ਬਹੁਤ ਲੋੜ ਹੈ, ਮੈਂ ਆਪ ਨੂੰ ਵੀ ਸੋਨਾ ਬਣਾਉਣ ਦਾ ਢੰਗ ਦੱਸ ਦਿੰਦਾ ਹਾਂ, ਤੁਸੀਂ ਜਿੰਨਾ ਮਰਜ਼ੀ ਸੋਨਾ ਬਣਾਓ ਅਤੇ ਅਟੁਟ ਲੰਗਰ ਚਲਾਓ।" ਗੁਰੂ ਜੀ ਮੁਸਕਰਾਏ ਅਤੇ ਉਨ੍ਹਾਂ ਫੁਰਮਾਇਆ, "ਗੁਸਾਈਂ ! ਸਾਨੂੰ ਧਾਤ ਮਾਰਨ ਦੀ ਲੋੜ ਨਹੀਂ, ਮਨ ਮਾਰਨ ਦੀ ਲੋੜ ਹੈ, ਮਨ ਮਾਰਿਆਂ ਧਾਤ ਆਪੇ ਮਰ ਜਾਂਦੀ ਹੈ। ਅਸੀਂ ਜਿੰਨੀ ਵੀ ਲਾਲਸਾ ਵਧਾਵਾਂਗੇ, ਹਵਸ ਹੋਰ ਵੱਧਦੀ ਜਾਵੇਗੀ, ਤੁਸੀਂ ਹੇਮੂ ਬਾਣੀਏ ਬਾਰੇ ਸੁਣ ਹੀ ਲਿਆ ਹੈ ਕਿ ਉਹ ਇਕ ਬਾਦਸ਼ਾਹ ਬਣਦਾ ਬਣਦਾ ਕੁੱਤੇ ਦੀ ਮੌਤ ਮਰ ਗਿਆ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੇ ਸਾਨੂੰ ਆਪਣੇ ਪੰਜੇ ਵਿਚ ਜਕੜ ਰਖਿਆ ਹੈ। ਸਾਨੂੰ ਇਸ ਦੁਨਿਆਵੀ ਅੱਗ ਤੋਂ ਬਚਣਾ ਚਾਹੀਦਾ ਹੈ। ਅਸੀਂ ਲੰਗਰ ਕਮਾਈ ਵਾਸਤੇ ਨਹੀਂ ਲਾਏ ਹਨ, ਇਹ ਤਾਂ ਮਨੁੱਖ ਦੇ ਮਨ ਦੀ ਮੈਲ ਧੋਣ ਵਾਸਤੇ ਹਨ। ਹਰ ਮਨੁੱਖ ਨੂੰ ਇਹ ਅਭਿਮਾਨ ਹੈ ਕਿ ਉਹ ਉੱਚੀ ਜ਼ਾਤੀ ਦਾ ਹੈ, ਧੰਨਵਾਨ ਹੈ, ਪਰ ਇਥੇ ਆ ਕੇ ਸਭ ਬਰਾਬਰ ਹੋ ਜਾਂਦੇ ਹਨ। ਮਨੁੱਖ ਨੂੰ ਇਹ ਪਤਾ ਲੱਗਦਾ ਹੈ ਕਿ ਅਸੀਂ ਮਨੁੱਖੀ ਜੀਵ ਕੇਵਲ ਇਕ ਹੀ ਪ੍ਰਭੂ ਦੀ ਔਲਾਦ ਹਾਂ। ਇਹ ਲੰਗਰ ਦਸਾਂ ਨੌਹਾਂ ਦੀ ਕਿਰਤ ਕਮਾਈ ਨਾਲ ਚਲਦੇ ਹਨ। ਤੁਸੀਂ ਜੇ ਆਪਣੀ ਕਿਰਤ ਕਰਕੇ ਕਿਸੇ ਲੋੜਵੰਦ ਨੂੰ ਪ੍ਰਸ਼ਾਦਾ ਛਕਾਓਗੇ ਤਾਂ ਉਹ ਸਭ ਤੋਂ ਵੱਡਾ ਪਰਉਪਕਾਰ ਹੋਵੇਗਾ ਅਤੇ ਤੁਹਾਨੂੰ ਇਸ ਪੋਟਲੀ ਦੇ ਧਨ ਦੀ ਪ੍ਰਾਪਤੀ ਤੋਂ ਵੱਧ ਖੁਸ਼ੀ ਹੋਵੇਗੀ।

ਗੁਰੂ ਜੀ ਦੇ ਇਹ ਬਚਨ ਸੁਣਕੇ ਗੁਸਾਈਂ ਦੇਵ ਗਿਰੀ ਨੂੰ ਅਜਿਹਾ ਗਿਆਨ ਹੋਇਆ ਕਿ ਉਹ ਗੁਰੂ ਘਰ ਦਾ ਹੀ ਹੋ ਕੇ ਰਹਿ ਗਿਆ। ਸਾਰੇ ਸ਼ਰਧਾਲੂਆਂ ਉਤੇ ਵੀ ਇਸ ਘਟਨਾ ਦਾ ਬਹੁਤ ਪ੍ਰਭਾਵ ਪਿਆ। ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਕਿ ਦਸਾਂ ਨੌਹਾਂ ਦੀ ਕਿਰਤ ਵਿਚ ਹੀ ਅਸਲੀ ਖ਼ੁਸ਼ੀ ਹੈ। ਇਨਸਾਨ ਜਿੰਨਾ ਅਮੀਰ ਅਤੇ ਧੰਨਵਾਨ ਹੁੰਦਾ ਜਾਂਦਾ ਹੈ, ਉਸਦੇ ਦੁਖ ਵੀ ਉਸ ਹਿਸਾਬ ਨਾਲ ਹੀ ਵੱਧਦੇ ਜਾਂਦੇ ਹਨ। ਸੰਜਮ ਵਿਚ ਹੀ ਸਾਰੇ ਸੁੱਖ ਹਨ।



# ਵਿਰਸੇ ਦੀ ਸੰਭਾਲ

ਗੁਰੂ ਨਾਨਕ ਦੇਵ ਜੀ ਨੇ ਜਦ ਗੱਦੀ ਦੀ ਸੌਂਪਣਾ ਗੁਰੂ ਅੰਗਦ ਦੇਵ ਜੀ ਨੂੰ ਕੀਤੀ ਸੀ ਤਾਂ ਉਨ੍ਹਾਂ ਨਾਲ ਹੀ ਇਕ ਪੋਥੀ ਵੀ ਸਪੁਰਦ ਕੀਤੀ ਸੀ। ਇਹ ਸ਼ਬਦ ਖਜ਼ਾਨਾ ਰੂਪ ਸੀ। ਗੁਰੂ ਨਾਨਕ ਜੀ ਨੇ ਇਹ ਵੀ ਆਦੇਸ਼ ਕੀਤਾ ਸੀ ਕਿ ਸ਼ਬਦ ਕਰਦੇ ਰਹਿਣਾ ਅਤੇ ਇਸ ਦਾ ਨਿੱਤ ਪ੍ਰਚਾਰ ਕਰਨਾ।

ਇਸ ਆਸ਼ੇ ਨੂੰ ਮੁਖ ਰੱਖ ਕੇ ਗੁਰੂ ਜੀ ਰੋਜ਼ ਦਰਬਾਰ ਲਾਉਂਦੇ ਸਨ। ਗੁਰਬਾਣੀ ਦਾ ਕੀਰਤਨ ਹੁੰਦਾ ਸੀ ਅਤੇ ਗੁਰੂ ਜੀ ਸਤਸੰਗ ਵੀ ਕਰਦੇ ਸਨ। ਇਸ ਪੋਥੀ ਦੇ ਉਨ੍ਹਾਂ ਨੇ ਕਈ ਉਤਾਰੇ ਵੀ ਕਰਵਾਏ, ਪਰ ਅਸਲ ਪੋਥੀ ਉਨ੍ਹਾਂ ਆਪਣੇ ਪਾਸ ਰੱਖੀ। ਜਦ ਉਨ੍ਹਾਂ ਨੂੰ ਵੀ ਰੱਬੀ ਬਾਣੀ ਉਤਰਦੀ ਸੀ ਤਾਂ ਉਹ ਵੀ ਲਿਖ ਕੇ ਉਸ ਪੋਥੀ ਵਿਚ ਸੰਕਲਨ ਕਰ ਲੈਂਦੇ ਸਨ।

ਜਿਥੋਂ ਤਕ ਬੋਲੀ ਦਾ ਸਵਾਲ ਸੀ ਕਿ ਇਹ ਬਾਣੀ ਕਿਸ ਬੋਲੀ ਵਿਚ ਲਿਖੀ ਜਾਵੇ, ਇਸ ਬਾਰੇ ਬੜੀ ਜ਼ੋਰਦਾਰ ਆਵਾਜ਼ ਗੁਰੂ ਨਾਨਕ ਦੇਵ ਜੀ ਪਹਿਲਾਂ ਹੀ ਉਠਾ ਚੁਕੇ ਸਨ। ਉਨ੍ਹਾਂ ਸਦਾ ਪਰਾਈ ਬੋਲੀ ਠੋਸੇ ਜਾਣ ਦੀ ਵਿਰੋਧਤਾ ਕੀਤੀ ਸੀ। ਉਨ੍ਹਾਂ ਨੇ ਪੰਜਾਬੀ ਬੋਲੀ ਦਾ ਸਤਿਕਾਰ ਕੀਤਾ ਅਤੇ ਇਸ ਬੋਲੀ ਵਿਚ ਹੀ ਡੂੰਘਾ ਫਲਸਫਾ ਪ੍ਰਗਟ ਕੀਤਾ। ਗੁਰੂ ਨਾਨਕ ਦੇਵ ਜੀ ਨੇ ਪੰਜਾਬੀ ਬੋਲੀ ਲਈ ਲਿਪੀ ਵੀ ਉਹੋ ਅਪਨਾਈ ਜਿਹੜੀ ਪੰਜਾਬੀ ਲਿਖਣ ਦੇ ਅਨਕੂਲ ਸੀ।

ਗੁਰਮੁਖੀ ਲਿਪੀ ਪਿੰਡਾਂ ਵਿਚ ਪ੍ਰਚਲਤ ਸੀ ਪਰ ਸੰਸਕ੍ਰਿਤ ਅਤੇ ਬਾਅਦ ਵਿਚ ਫ਼ਾਰਸੀ ਦਾ ਬੋਲਬਾਲਾ ਹੋਣ ਕਰਕੇ ਇਹ ਲਿਪੀ ਕੇਵਲ ਗੰਵਾਰਾਂ ਦੀ ਬਣ ਕੇ ਰਹਿ ਗਈ। ਗੁਰੂ ਜੀ ਨੇ ਫਿਰ ਇਸ ਨੂੰ ਮਾਣ ਬਖਸ਼ਿਆ ਅਤੇ ਇਹ ਲਿਪੀ ਗੁਰਮੁਖਾਂ ਦੀ ਬਣ ਗਈ। ਗੁਰਮੁਖਾਂ ਦੀ ਲਿਪੀ ਬਣਨ ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ।

ਗੁਰੂ ਅੰਗਦ ਦੇਵ ਜੀ ਨੇ ਇਸ ਲਿਪੀ ਨੂੰ ਹੋਰ ਸਵਾਰਿਆ ਅਤੇ ਇਸ ਦੀ ਪੜ੍ਹਾਈ ਵਾਸਤੇ ਇਕ ਸਕੂਲ ਖਡੂਰ ਸਾਹਿਬ ਵਿਖੇ ਖੋਲ੍ਹਿਆ। ਉਸ ਸਕੂਲ ਵਿਚ ਕੇਵਲ ਬੱਚੇ ਹੀ ਨਹੀਂ, ਬਲਕਿ ਬਾਹਰੋਂ ਆਏ ਸਿੱਖ ਵੀ ਪੜ੍ਹਦੇ ਸਨ। ਹਰ ਸਿੱਖ ਵਾਸਤੇ ਇਸ ਬੋਲੀ ਨੂੰ ਪੜ੍ਹਨਾ ਅਵੱਸ਼ ਹੋ ਗਿਆ ਸੀ। ਗੁਰੂ ਅੰਗਦ ਦੇਵ ਜੀ ਨੇ ਇਸ ਤਰ੍ਹਾਂ ਸਿੱਖ ਧਰਮ ਦੇ ਪਰਚਾਰ ਨੂੰ ਵਿਉਂਤਬੱਧ ਮਜ਼ਬੂਤੀ ਬਖਸ਼ੀ।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵੀ ਸਿੱਖਾਂ ਦਾ ਇਕ ਵੱਡਾ ਵਿਰਸਾ ਸੀ ਅਤੇ ਉਨ੍ਹਾਂ ਨੇ ਇਨ੍ਹਾਂ ਅਮੋਲਕ ਜੀਵਨ ਸਾਖੀਆਂ ਤੋਂ ਬਹੁਤ ਸਿਖਿਆ ਪ੍ਰਾਪਤ ਕਰਨੀ ਸੀ। ਗੁਰੂ ਅੰਗਦ ਦੇਵ ਜੀ ਸੱਤ ਸਾਲ ਕਰਤਾਰਪੁਰ ਰਹਿ ਕੇ ਗੁਰੂ ਨਾਨਕ ਦੇਵ ਜੀ ਦੀਆਂ ਬਹੁਤ ਜੀਵਨ ਸਾਖੀਆਂ ਸੁਣ ਚੁਕੇ ਸਨ ਅਤੇ ਇਨ੍ਹਾਂ ਸਿਖਿਆਦਾਇਕ ਸਾਖੀਆਂ ਨੂੰ ਉਹ ਦਰਬਾਰ ਵਿਚ ਪ੍ਰਮਾਣ ਦੇ ਤੌਰ 'ਤੇ ਸੁਣਾਇਆ ਵੀ ਕਰਦੇ ਸਨ। ਪਰ ਸਾਰੀਆਂ ਸਾਖੀਆਂ ਨੂੰ ਇਕ ਥਾਂ ਇਕੱਤਰ ਕਰਨਾ ਜ਼ਰੂਰੀ ਸੀ। ਇਸ ਲਈ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਾਰੇ ਪੁਰਾਣੇ ਸਿੱਖਾਂ ਨੂੰ ਖਡੂਰ ਸਾਹਿਬ ਬੁਲਾਇਆ। ਭਾਈ ਪੈੜਾ ਮੋਖਾ ਗੁਰਮੁਖੀ ਲਿਪੀ ਦਾ ਬਹੁਤ ਮਾਹਰ ਸੀ ਅਤੇ ਉਹ ਸੁਲਤਾਨਪੁਰ ਲੋਧੀ ਰਹਿੰਦਾ ਸੀ। ਗੁਰੂ ਜੀ ਨੇ ਉਸ ਨੂੰ ਮੰਗਵਾ ਲਿਆ।

ਇਨ੍ਹਾਂ ਸਿੱਖਾਂ ਵਿਚ ਭਾਈ ਬਾਲਾ ਵੀ ਸੀ ਜਿਹੜਾ ਕਿ ਗੁਰੂ ਨਾਨਕ ਦੇਵ ਜੀ ਦਾ ਬਚਪਨ ਦਾ ਸਾਥੀ ਸੀ। ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ ਉਸ ਅੱਖੀਂ ਵੇਖਿਆ ਸੀ।

ਗੁਰੂ ਅੰਗਦ ਦੇਵ ਜੀ ਪਹਿਲਾਂ ਸਾਖੀ ਸੁਣ ਲੈਂਦੇ ਸਨ ਫਿਰ ਉਸ ਨੂੰ ਪੈੜੇ ਮੋਖੇ ਨੂੰ ਲਿਖਵਾਉਂਦੇ ਸਨ। ਇਕ ਸਾਲ ਦੇ ਵਿਚ ਸਾਰੀ ਜਨਮ ਸਾਖੀ ਤਿਆਰ ਹੋ ਗਈ। ਗੁਰੂ ਜੀ ਨੇ ਬਾਅਦ ਵਿਚ ਇਸ ਦੇ ਹੋਰ ਉਤਾਰੇ ਵੀ ਕਰਵਾਏ। ਇਨ੍ਹਾਂ ਸਾਖੀਆਂ ਦੀ ਬੋਲੀ ਏਨੀ ਮਿੱਠੀ ਅਤੇ ਰੌਚਕ ਹੈ ਕਿ ਬੱਚੇ ਵੀ ਇਹ ਸਾਖੀਆਂ ਪੜ੍ਹਕੇ ਕੇਵਲ ਸਿਖਿਆ ਹੀ ਪ੍ਰਾਪਤ ਨਹੀਂ ਕਰਦੇ ਬਲਕਿ ਆਨੰਦ ਮਾਣਦੇ ਹਨ। ਇਨ੍ਹਾਂ ਸਾਖੀਆਂ ਵਿਚ ਬਾਅਦ ਵਿਚ ਬੇਸ਼ਕ ਕੁਝ ਵਾਧੇ ਘਾਟੇ ਹੋਏ ਹਨ, ਪਰ ਇਨ੍ਹਾਂ ਵਿਚਲੇ ਅਧਿਆਤਮਕ ਗਿਆਨ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ।



# ਬਾਬਾ ਅਮਰ ਦਾਸ ਜੀ

ਬਾਬਾ ਅਮਰ ਦਾਸ ਜੀ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਆਪ ਬੜੇ ਧਾਰਮਿਕ ਖਿਆਲਾਂ ਦੇ ਸਨ ਅਤੇ ਹਰ ਸਾਲ ਹਰਦੁਵਾਰ ਇਸ਼ਨਾਨ ਕਰਨ ਵਾਸਤੇ ਜਾਂਦੇ ਸਨ। ਇਕ ਵਾਰ ਹਰਦੁਵਾਰ ਇਸ਼ਨਾਨ ਕਰਕੇ ਵਾਪਿਸ ਆ ਰਹੇ ਸਨ ਤਾਂ ਆਪ ਜੀ ਦਾ ਇਕ ਦੁਰਗਾ ਪੰਡਿਤ ਨਾਲ ਮੇਲ ਹੋਇਆ। ਦੁਰਗਾ ਪੰਡਿਤ ਨੇ ਜਦ ਉਨ੍ਹਾਂ ਦੇ ਪੈਰਾਂ ਵਿਚ ਪਦਮ ਦਾ ਨਿਸ਼ਾਨ ਵੇਖਿਆ ਤਾਂ ਉਸ ਕਿਹਾ ਕਿ ਜਾਂ ਤਾਂ ਆਪ ਚਕਰਵਰਤੀ ਰਾਜਾ ਬਣੋਗੇ ਜਾਂ ਇਸ ਸੜਦੀ ਬਲਦੀ ਲੋਕਾਈ ਦਾ ਸਹਾਰਾ ਹੋਵੋਗੇ। ਅਗਲੇ ਦਿਨ ਬਾਬਾ ਜੀ ਨੂੰ ਇਕ ਬ੍ਰਹਮਚਾਰੀ ਮਿਲ ਪਿਆ। ਬ੍ਰਹਮਚਾਰੀ ਉਨ੍ਹਾਂ ਦੀ ਪ੍ਰਭਾਵਸ਼ਾਲੀ ਸਖਸ਼ੀਅਤ ਵੇਖ ਕੇ ਬਹੁਤ ਪ੍ਰਭਾਵਿਤ ਹੋਇਆ ਅਤੇ ਉਸ ਪੁਛਿਆ ਕਿ ਤੁਹਾਡਾ ਗੁਰੂ ਕੌਣ ਹੈ ਅਤੇ ਤੁਸੀਂ ਕਿਸ ਦੇ ਚੇਲੇ ਹੋ ? ਬਾਬਾ ਜੀ ਨੇ ਕਿਹਾ ਮੈਂ ਤਾਂ ਅਜ ਤੱਕ ਉਸ ਨੂੰ ਲੱਭ ਰਿਹਾ ਹਾਂ ਪਰ ਮੈਨੂੰ ਗੁਰੂ ਨਹੀਂ ਮਿਲ ਰਿਹਾ। ਬ੍ਰਹਮਚਾਰੀ ਇਕ ਦਮ ਉਸ ਤੋਂ ਪਰੇ ਹੋ ਗਿਆ ਅਤੇ ਕਹਿਣ ਲੱਗਾ ਕਿ ਮੈਂ ਨਿਗੁਰੇ ਦਾ ਸੰਗ ਨਹੀਂ ਕਰਦਾ। ਬ੍ਰਹਮਚਾਰੀ ਦੇ ਇਹ ਬੋਲ ਬਾਬਾ ਜੀ ਨੂੰ ਜ਼ਖਮੀ ਕਰ ਗਏ। ਉਨ੍ਹਾਂ ਨੂੰ ਹੁਣ ਰਾਤ ਦਿਨ ਨੀਂਦ ਨਹੀਂ ਸੀ ਆਉਂਦੀ ਕਿ ਕਿਸ ਤਰ੍ਹਾਂ ਸੱਚੇ ਗੁਰੂ ਦਾ ਮੇਲ ਹੋਵੇ।

ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਬਾਬਾ ਅਮਰਦਾਸ ਜੀ ਦੇ ਭਰਾ ਬਾਬਾ ਮਾਣਕ ਚੰਦ ਦੇ ਸਪੁੱਤਰ ਨਾਲ ਵਿਆਹੀ ਸੀ। ਦੋਹਾਂ ਭਰਾਵਾਂ ਦੇ ਘਰ ਲਾਗੋ ਲਾਗੇ ਸਨ। ਸਵੇਰ ਵੇਲੇ ਰੋਜ਼ ਬਾਬਾ ਜੀ ਨੂੰ ਆਪਣੇ ਭਰਾ ਦੇ ਘਰੋਂ ਗੁਰਬਾਣੀ ਪੜ੍ਹਨ ਦੀ ਆਵਾਜ਼ ਆਉਂਦੀ। ਬਾਬਾ ਜੀ ਉਸ ਘਰ ਤਾਂ ਜਾ ਨਹੀਂ ਸਨ ਸਕਦੇ, ਕੰਧ ਨਾਲ ਕੰਨ ਲਾ ਕੇ ਸੁਣਦੇ ਰਹਿੰਦੇ। ਇਕ ਦਿਨ ਸਵੇਰੇ ਗੁਰਬਾਣੀ ਪੜ੍ਹਨ ਦੀ ਆਵਾਜ਼ ਨਾ ਆਈ, ਤਾਂ ਬਾਬਾ ਜੀ ਨੇ ਆਪਣੀ ਭਰਜਾਈ ਪਾਸੋਂ ਇਸ ਦਾ ਕਾਰਨ ਪੁਛਿਆ। ਉਨ੍ਹਾਂ ਦੀ ਭਰਜਾਈ ਨੇ ਦੱਸਿਆ ਕਿ ਬੀਬੀ ਅਮਰੋ ਦੇ ਪਿਤਾ ਜੀ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬੈਠੇ ਹਨ। ਬੀਬੀ ਅਮਰੋ ਗੁਰੂ ਨਾਨਕ ਦੀ ਬਾਣੀ ਦਾ ਹੀ ਪਾਠ ਕਰਦੀ ਹੈ। ਅੱਜ ਉਹ ਖਡੂਰ ਸਾਹਿਬ ਆਪਣੇ ਪਿਤਾ ਜੀ ਪਾਸ ਗਈ ਹੈ।

ਬਾਬਾ ਅਮਰ ਦਾਸ ਜੀ ਨੂੰ ਬਹੁਤ ਪ੍ਰਸੰਨਤਾ ਹੋਈ ਅਤੇ ਜਦ ਬੀਬੀ ਅਮਰੋ ਮੁੜ ਬਾਸਰਕੇ ਆਈ ਤਾਂ ਉਨ੍ਹਾਂ ਗੁਰੂ ਜੀ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਬੀਬੀ ਅਮਰੋ ਉਨ੍ਹਾਂ ਨੂੰ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਜੀ ਪਾਸ ਲੈ ਗਈ। ਗੁਰੂ ਜੀ ਨੂੰ ਜਦ ਪਤਾ ਲੱਗਾ ਕਿ ਉਨ੍ਹਾਂ ਦੇ ਕੁੜਮ ਬਾਬਾ ਅਮਰ ਦਾਸ ਜੀ ਉਨ੍ਹਾਂ ਨੂੰ ਮਿਲਣ ਆਏ ਹਨ ਤਾਂ ਉਹ ਆਪ ਨੂੰ ਲੈਣ ਲਈ ਬਾਹਰ ਆਏ। ਗੁਰੂ ਜੀ ਨੂੰ ਆਪ ਬਾਹਰ ਆਉਂਦੇ ਵੇਖ ਕੇ ਬਾਬਾ ਜੀ ਉਨ੍ਹਾਂ ਦੇ ਚਰਨਾਂ ਵਿਚ ਢਹਿ ਪਏ ਅਤੇ ਕਹਿਣ ਲੱਗੇ, "ਮੈਂ ਤੁਹਾਡਾ ਦਾਸ ਹਾਂ।" ਬਾਬਾ ਜੀ ਜਦ ਕੁਝ ਦਿਨ ਉਥੇ ਰਹੇ ਤਾਂ ਉਹ ਸੰਗਤਾਂ ਦੇ ਅਥਾਹ ਪਿਆਰ ਅਤੇ ਸੇਵਾ ਨੂੰ ਵੇਖ ਕੇ ਬਹੁਤ ਪ੍ਰਭਾਵਿਤ ਹੋਏ। ਆਪ ਜੀ ਨੇ ਵੀ ਸੇਵਾ ਸੰਭਾਲ ਲਈ। ਰੋਜ਼ ਅੰਮ੍ਰਿਤ ਵੇਲੇ ਉਠਦੇ ਅਤੇ ਬਿਆਸਾ ਤੋਂ ਜਲ ਲਿਆ ਕੇ ਗੁਰੂ ਜੀ ਨੂੰ ਇਸ਼ਨਾਨ ਕਰਾਉਂਦੇ। ਅੰਮ੍ਰਿਤ ਵੇਲੇ ਪਾਠ

ਕਰਦੇ ਅਤੇ ਫਿਰ ਦਰਬਾਰ ਵਿਚ ਜਾ ਕੇ ਗੁਰੂ ਜੀ ਦਾ ਸਤਿਸੰਗ ਸੁਣਦੇ। ਫਿਰ ਗੁਰੂ ਜੀ ਵੱਲੋਂ ਚਲਾਏ ਗਏ ਸਕੂਲ ਵਿਚ ਪੜ੍ਹਾਈ ਕਰਦੇ। ਗੁਰੂ ਜੀ ਨਾਲ ਉਨ੍ਹਾਂ ਦਾ ਏਨਾ ਪ੍ਰੇਮ ਹੋ ਗਿਆ ਕਿ ਉਹ ਕੁਝ ਪਲ ਵੀ ਦੂਰ ਰਹਿਣਾ ਨਹੀਂ ਸੀ ਚਾਹੁੰਦੇ। ਹਰ ਵੇਲੇ ਉਨ੍ਹਾਂ ਦੀ ਤਾਬਿਆ ਵਿਚ ਰਹਿੰਦੇ। ਜਦ ਵੀ ਸਮਾਂ ਮਿਲਦਾ ਤਾਂ ਉਹ ਗੁਰਬਾਣੀ ਨੂੰ ਕੰਠ ਕਰਦੇ।



# ਈਰਖਾਲੂ ਤਪਾ

ਉਨ੍ਹਾਂ ਸਮਿਆਂ ਵਿਚ ਖਡੂਰ ਸਾਹਿਬ ਵਿਖੇ ਇਕ ਸ਼ਿਵਨਾਥ ਨਾਮੀ ਜੋਗੀ ਤਪਾ ਰਹਿੰਦਾ ਸੀ। ਉਹ ਆਪਣੇ ਮੰਤਰਾਂ ਜੰਤਰਾਂ ਨਾਲ ਪਿੰਡ ਵਾਲਿਆਂ ਨੂੰ ਖੂਬ ਲੁਟਦਾ ਸੀ, ਪਰ ਜਦ ਤੋਂ ਉਥੇ ਗੁਰੂ ਜੀ ਆਏ ਸਨ ਲੋਕ ਸਿੱਖ ਮੱਤ ਨੂੰ ਮੰਨਣ ਲੱਗ ਗਏ ਸਨ ਅਤੇ ਮੰਤਰਾਂ ਜੰਤਰਾਂ ਦੀ ਪ੍ਰਵਾਹ ਨਹੀਂ ਸੀ ਕਰਦੇ, ਪਰ ਫਿਰ ਵੀ ਅਨਪੜ੍ਹ ਲੋਕ ਉਸਦੀ ਗੱਲ ਮੰਨ ਲੈਂਦੇ ਸਨ।

ਇਕ ਸਾਲ ਬਾਰਸ਼ ਨਾ ਹੋਈ। ਫਸਲਾਂ ਤਬਾਹ ਹੋ ਗਈਆਂ ਜਾਂ ਬੀਜੀਆਂ ਨਾ ਗਈਆਂ। ਲੋਕ ਤ੍ਰਾਹ ਤ੍ਰਾਹ ਕਰ ਉਠੇ। ਗੁਰੂ ਜੀ ਉਨ੍ਹਾਂ ਲੋਕਾਂ ਨੂੰ ਭਾਣਾ ਮੰਨਣ ਲਈ ਕਹਿੰਦੇ, ਪਰ ਲੋਕ ਆਪਣਾ ਧੀਰਜ ਖੋ ਬੈਠੇ। ਹਾਰ ਕੇ ਲੋਕ ਤਪੇ ਵਲ ਗਏ। ਪਿੰਡ ਦੇ ਲੋਕਾਂ ਨੂੰ ਆਪਣੇ ਵੱਲ ਆਉਂਦਿਆਂ ਵੇਖ ਕੇ ਉਸ ਨੇ ਕਿਹਾ, "ਹੋਰ ਪੂਜੋ ਉਸ ਗ੍ਰਿਹਸਤੀ ਨੂੰ, ਮੀਂਹ ਤਦ ਤਕ ਨਹੀਂ ਪੈ ਸਕਦਾ ਜਦ ਤਕ ਇਹ ਗ੍ਰਿਹਸਤੀ ਇਹ ਪਿੰਡ ਨਹੀਂ ਛੱਡ ਜਾਂਦਾ।" ਗੁਰੂ ਜੀ ਨੂੰ ਜਦ ਇਸ ਬਾਰੇ ਪਤਾ ਲੱਗਾ ਤਾਂ ਉਹ ਚੁਪ ਕਰਕੇ ਪਿੰਡ ਛੱਡ ਕੇ ਖਾਨ ਰਜ਼ਾਦਾ ਦੇ ਇਲਾਕੇ ਵਿਚ ਇਕ ਇਕਾਂਤ ਥਾਂ 'ਤੇ ਪੁੱਜ ਗਏ। ਉਸ ਪਿੰਡ ਦੇ ਲੋਕਾਂ ਨੂੰ ਜਦ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਸਾਰੇ ਇਕੱਠੇ ਹੋ ਕੇ ਗੁਰੂ ਜੀ ਨੂੰ ਮਿਲਣ ਆਏ। ਉਨ੍ਹਾਂ ਵਿੱਤ ਮੁਜਬ ਗੁਰੂ ਜੀ ਦੀ ਬਹੁਤ ਸੇਵਾ ਕੀਤੀ। ਹੁਣ ਉਥੇ ਹੀ ਦਰਬਾਰ ਲੱਗਣ ਲੱਗ ਗਿਆ ਅਤੇ ਸ਼ਬਦ ਕੀਰਤਨ ਦਾ ਪ੍ਰਵਾਹ ਚੱਲ ਪਿਆ।

ਜਦ ਪਿੰਡ ਦੇ ਲੋਕਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਪਿੰਡ ਖਾਨ ਰਜ਼ਾਦੇ ਚਲੇ ਗਏ ਹਨ ਤਾਂ ਉਹ ਫਿਰ ਤੱਪੇ ਪਾਸ ਗਏ ਕਿ ਗੁਰੂ ਜੀ ਤਾਂ ਜੂਹ ਛੱਡ ਗਏ ਹਨ ਤੂੰ ਹੁਣ ਮੀਂਹ ਪਵਾ, ਪਰ ਤਪਾ ਅਗੋਂ ਆਕੜ ਕੇ ਕਹਿਣ ਲੱਗਾ, "ਮੀਂਹ ਮੇਰੀ ਮੁੱਠ ਵਿਚ ਰਖਿਆ ਏ, ਮੈਂ ਜਾਦੂ ਮੰਤਰ ਪੜ੍ਹਦਾ ਹਾਂ, ਤੁਸੀਂ ਮੰਗੀ ਹੋਈ ਸਮਗਰੀ ਲਿਆਵੋ। ਜਦ ਯੱਗ ਪੂਰਾ ਹੋ ਜਾਵੇਗਾ ਮੀਂਹ ਆ ਜਾਵੇਗਾ," ਲੋਕਾਂ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਤਪੇ ਨੇ ਕਿਹਾ, ਪਰ ਯੱਗ ਸੰਪੂਰਣ ਹੋਣ ਉਤੇ ਵੀ ਮੀਂਹ ਨਾ ਪਿਆ। ਲੋਕ ਬਹੁਤ ਦੁਖੀ ਹੋਏ ਕਿ ਗੁਰੂ ਜੀ ਨੂੰ ਪਿੰਡੋਂ ਬਾਹਰ ਜਾਣ ਲਈ ਵੀ ਆਖਿਆ ਤੇ ਮੀਂਹ ਵੀ ਨਾ ਪਿਆ।

ਬਾਬਾ ਅਮਰ ਦਾਸ ਜੀ ਕੁਝ ਦਿਨ ਬਾਸਰਕੇ ਗਏ ਹੋਏ ਸਨ ਜਦ ਉਹ ਵਾਪਿਸ ਆਏ ਤਾਂ ਸਾਰੀ ਸੰਗਤ ਨੇ ਉਨ੍ਹਾਂ ਨੂੰ ਪੂਰੇ ਹਾਲਾਤ ਤੋਂ ਜਾਣੂ ਕਰਵਾਇਆ। ਇਹ ਗੱਲ ਸੁਣ ਕੇ ਉਨ੍ਹਾਂ ਪਿੰਡ ਵਾਲਿਆਂ ਨੂੰ ਝਾੜਿਆ ਕਿ ਏਨੇ ਸਾਲ ਬੀਤ ਜਾਣ 'ਤੇ ਵੀ ਤੁਸੀਂ ਸੱਚੇ ਅਤੇ ਪੂਰੇ ਗੁਰੂ ਨੂੰ ਪਹਿਚਾਣ ਨਹੀਂ ਸਕੇ। ਉਹ ਸਾਰੀਆਂ ਸ਼ਕਤੀਆਂ ਦੇ ਮਾਲਕ ਹਨ, ਪਰ ਰੱਬ ਦੀ ਰਜ਼ਾ ਵਿਚ ਰਹਿਣਾ, ਭਾਣਾ ਮੰਨਣਾ ਇਕ ਸੱਚੇ ਪ੍ਰਭੂ ਭਗਤ ਦਾ ਧਰਮ ਹੈ। ਤੁਸੀਂ ਕੇਵਲ ਬਾਰਸ਼ ਹੀ ਚਾਹੁੰਦੇ ਹੋ, ਚਲੋ ਇਸ ਤਪੇ ਨੂੰ ਰੱਸਾ ਪਾਵੋ ਅਤੇ ਘਸੀਟ ਕੇ ਜਿਸ ਖੇਤ ਵਿਚ ਲੈ ਜਾਵੋਗੇ ਉਥੇ ਹੀ ਮੀਂਹ ਆ ਜਾਵੇਗਾ। ਲੋਕਾਂ ਨੂੰ ਹੋਰ ਕੀ ਚਾਹੀਦਾ ਸੀ, ਉਨ੍ਹਾਂ ਤਪੇ ਨੂੰ ਰੱਸਾ ਪਾ ਲਿਆ। ਰੱਸਾ ਪਾਉਂਦਿਆਂ ਹੀ ਆਕਾਸ਼ 'ਤੇ ਬੱਦਲ ਛਾ ਗਏ। ਜਦ ਉਹ ਤਪੇ ਨੂੰ ਘਸੀਟਣ ਲੱਗੇ ਤਾਂ ਮੀਂਹ ਆ ਗਿਆ। ਜਿੰਨਾ ਉਹ ਜ਼ੋਰ ਦੀ ਘਸੀਟਦੇ ਸਨ ਉਤਨੇ ਜ਼ੋਰ ਦੀ

ਹੀ ਮੀਂਹ ਆ ਜਾਂਦਾ ਸੀ। ਇਸ ਤਰ੍ਹਾਂ ਘਸੀਟਣ ਨਾਲ ਤਪੇ ਦੀ ਮੌਤ ਹੋ ਗਈ।

ਫਿਰ ਸਾਰੀ ਸੰਗਤ, ਪਿੰਡ ਵਾਸੀ ਅਤੇ ਬਾਬਾ ਅਮਰ ਦਾਸ ਜੀ ਗੁਰੂ ਅੰਗਦ ਦੇਵ ਪਾਸ ਪਿੰਡ ਖਾਨ ਰਜ਼ਾਦਾ ਪੁੱਜੇ। ਪਰ ਬਾਬਾ ਅਮਰ ਦਾਸ ਨੂੰ ਆਉਂਦਾ ਵੇਖ ਕੇ ਗੁਰੂ ਜੀ ਨੇ ਮੂੰਹ ਫੇਰ ਲਿਆ। ਜਦ ਬਾਬਾ ਅਮਰ ਦਾਸ ਨੇ ਬੇਨਤੀ ਕੀਤੀ ਕਿ ਮੈਥੋਂ ਕੀ ਭੁਲ ਹੋ ਗਈ ਹੈ ਤਾਂ ਗੁਰੂ ਜੀ ਬੋਲੇ, "ਸਿੱਖ ਮੱਤ ਵਿਚ ਕਰਾਮਾਤ ਦਾ ਕੋਈ ਸਥਾਨ ਨਹੀਂ ਹੈ, ਕਰਾਮਾਤ ਦਿਖਾਉਣਾ ਹਉਮੈ ਨੂੰ ਹੀ ਪੱਠੇ ਪਾਉਣਾ ਹੈ। ਕਿਹੜਾ ਬੰਦਾ ਹੈ ਜਿਹੜਾ ਈਰਖਾ ਰਹਿਤ ਹੈ। ਅਜਿਹੇ ਬੰਦੇ ਨੂੰ ਸਜ਼ਾ ਦੇਣੀ ਸਾਡੇ ਅਧਿਕਾਰ ਖੇਤਰ ਵਿਚ ਨਹੀਂ ਹੈ। ਬਾਬਾ ਜੀ ਵੱਲੋਂ ਬੇਨਤੀ ਕਰਨ ਉਤੇ ਗੁਰੂ ਜੀ ਨੇ ਉਨ੍ਹਾਂ ਦੀ ਭੁੱਲ ਬਖਸ਼ ਦਿੱਤੀ।



# ਜੋਤੀ ਜੋਤ ਸਮਾ ਗਏ

ਬਾਬਾ ਅਮਰ ਦਾਸ ਜੀ ਆਪਣੀ ਸੇਵਾ ਵਿਚ ਫਿਰ ਜੁੱਟ ਗਏ। ਉਹ ਸਵੇਰੇ ਤਿੰਨ ਵਜੇ ਉੱਠਦੇ ਅਤੇ ਜਪੁਜੀ ਦਾ ਪਾਠ ਕਰਦੇ ਬਿਆਸਾ ਦਰਿਆ ਉਤੇ ਪਹੁੰਚ ਜਾਂਦੇ, ਫਿਰ ਗਾਗਰ ਭਰ ਕੇ ਵਾਪਿਸ ਖਡੂਰ ਸਾਹਿਬ ਆ ਜਾਂਦੇ।

ਇਕ ਰਾਤ ਮੀਂਹ ਬਹੁਤ ਪੈ ਰਿਹਾ ਸੀ। ਬਾਬਾ ਅਮਰ ਦਾਸ ਜੀ ਜਦ ਜਲ ਲੈਣ ਵਾਸਤੇ ਤੁਰਨ ਲੱਗੇ ਤਾਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਇਸ ਸੇਵਾ ਲਈ ਕਿਹਾ, ਪਰ ਪੁੱਤਰ ਟਾਲ ਗਏ। ਬਾਬਾ ਜੀ ਜਲ ਲੈਣ ਚਲੇ ਗਏ। ਜਦ ਉਹ ਜਲ ਭਰ ਕੇ ਵਾਪਿਸ ਆ ਰਹੇ ਸਨ ਤਾਂ ਇਕ ਜੁਲਾਹੇ ਦੀ ਤਾਣਾ ਉਣਨ ਵਾਲੀ ਕਿੱਲੀ ਨਾਲ ਠੇਡਾ ਲੱਗਣ ਕਰਕੇ ਡਿੱਗ ਪਏ, ਪਰ ਉਨ੍ਹਾਂ ਗਾਗਰ ਸੰਭਾਲ ਕੇ ਰੱਖੀ। ਜਦ ਜੁਲਾਹੇ ਨੇ ਪੁਛਿਆ ਕੌਣ ਹੈ ਤਾਂ ਜਲਾਹੀ ਨੇ ਉੱਤਰ ਦਿੱਤਾ, "ਉਹੀ ਅਮਰੂ ਨਿਥਾਵਾਂ ਹੈ, ਹੋਰ ਕੌਣ ਹੈ ?" ਬਾਬਾ ਜੀ ਨੇ ਇਹ ਗੱਲ ਸੁਣ ਕੇ ਕਿਹਾ, "ਮੈਂ ਨਿਥਾਵਾਂ ਨਹੀਂ ਮੈਂ ਤਾਂ ਗੁਰੂ ਵਾਲਾ ਹਾਂ।"

ਬਾਅਦ ਵਿਚ ਗਾਗਰ ਸੰਭਾਲ ਕੇ ਉਹ ਖਡੂਰ ਸਾਹਿਬ ਪਹੁੰਚ ਗਏ ਅਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਇਆ। ਜਦ ਸਵੇਰ ਦਰਬਾਰ ਲੱਗਾ ਤਾਂ ਗੁਰੂ ਜੀ ਨੇ ਬਾਬਾ ਅਮਰ ਦਾਸ ਜੀ ਪਾਸੋਂ ਪੁੱਛਿਆ ਕਿ ਅਜ ਜਲ ਲਿਆਉਂਦੇ ਸਮੇਂ ਕੀ ਗੱਲ ਹੋਈ ਸੀ। ਤਦ ਬਾਬਾ ਜੀ ਨੇ ਕਿਹਾ, "ਮਹਾਰਾਜ ਤੁਸੀਂ ਜਾਣੀ ਜਾਣ ਹੋ, ਮੈਂ ਕੀ ਦੱਸ ਸਕਦਾ ਹਾਂ।" ਗੁਰੂ ਜੀ ਨੇ ਮੁਸਕਰਾ ਕੇ ਕਿਹਾ ਉਸ ਜੁਲਾਹੀ ਨੇ ਤੁਹਾਨੂੰ ਨਿਥਾਵਾਂ ਕਿਹਾ ਹੈ, ਪਰ ਉਹ ਕਮਲੀ ਨਹੀਂ ਜਾਣਦੀ ਕਿ:-

ਤੁਮਹੋ ਨਿਥਾਵਨ ਥਾਨ। ਕਰਹੋ ਨਿਮਾਨਹਿ ਮਾਨ। ਨਿਤਾਣਿਆਂ ਕਾ ਤਾਨ। ਨਿਓਟਿਆਂ ਕੀ ਓਟ।
ਨਿਆਸਰਿਆਂ ਕਾ ਆਸਰਾ। ਨਿਧਰਿਆਂ ਦੀ ਧਿਰ। ਨਧੀਰਨ ਕਾ ਧੀਰ। ਪੀਰਾਂ ਦੇ ਪੀਰ।
ਦਿਆਲ ਗਹੀ ਬਹੋੜ। ਜਗਤ ਬੰਦੀ ਛੋੜ। ਭੰਨਣ ਘੜਨ ਸਮਰਥ। ਸਭ ਜੀਵਕਾ ਜਿਸ ਹੱਥ।

ਜਦ ਦਰਬਾਰ ਦੀ ਸਮਾਪਤੀ ਹੋਈ ਤਾਂ ਜੁਲਾਹਾ ਵਰਲਾਪ ਕਰਦਾ ਆ ਗਿਆ ਕਿ ਉਸਦੀ ਜੁਲਾਹੀ ਕਮਲੀ ਹੋ ਗਈ ਹੈ। ਜਦ ਜੁਲਾਹੀ ਦਰਬਾਰ ਹਾਜ਼ਰ ਹੋਈ ਤਾਂ ਗੁਰੂ ਜੀ ਦੀ ਨਜ਼ਰ ਪੈਂਦਿਆਂ ਹੀ ਠੀਕ ਹੋ ਗਈ। ਗੁਰੂ ਅੰਗਦ ਦੇਵ ਜੀ ਨੂੰ ਹੁਣ ਪੂਰੀ ਤਸੱਲੀ ਹੋ ਗਈ ਸੀ ਕਿ ਗੁਰਗੱਦੀ ਦਾ ਭਾਰ ਚੁਕਣ ਵਾਲਾ ਹੁਣ ਕੇਵਲ ਬਾਬਾ ਅਮਰ ਦਾਸ ਹੀ ਸੀ।

੨੯ ਮਾਰਚ, ਸੰਨ ੧੫੫੨ ਨੂੰ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਬੁਲਾਇਆ ਅਤੇ ਉਨ੍ਹਾਂ ਪਾਸੋਂ ਪੰਜ ਪੈਸੇ ਅਤੇ ਇਕ ਨਾਰੀਅਲ ਮੰਗਵਾਇਆ। ਫਿਰ ਬਾਬਾ ਅਮਰ ਦਾਸ ਨੂੰ ਤਖਤ ਤੇ ਬਿਠਾ ਕੇ ਉਨ੍ਹਾਂ ਅੱਗੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਮੱਥਾ ਟੇਕਿਆ। ਬਾਬਾ ਬੁੱਢਾ ਜੀ ਨੇ ਮੱਥੇ ਤਿਲਕ ਲਾਇਆ। ਗੁਰੂ ਜੀ ਨੇ ਸਭ ਸੰਗਤਾਂ ਨੂੰ ਹੁਕਮ ਕੀਤਾ ਕਿ ਅਜ ਤੋਂ ਤੁਹਾਡੇ ਗੁਰੂ ਬਾਬਾ ਅਮਰ ਦਾਸ ਜੀ ਹਨ। ਸਭ ਸੰਗਤਾਂ ਨੇ ਉਨ੍ਹਾਂ ਅੱਗੇ ਮੱਥਾ ਟੇਕਿਆ।

ਫਿਰ ਆਪ ਜੀ ਦੇ ਚਿਹਰੇ ਉਤੇ ਅਜੀਬ ਜੇਹੀ ਲਾਲੀ ਛਾ ਗਈ। ਆਪ ਜੀ ਦੀ ਮੁਸਕਰਾਹਟ ਸਾਗਰ ਵਾਂਗ ਸ਼ਾਂਤ ਸੀ। ਸਭ ਪਾਸੇ ਦ੍ਰਿਸ਼ਟੀ ਪਾ ਕੇ ਉਹ ਸਿੰਘਾਸਨ ਉਤੇ ਹੀ ਬਿਰਾਜ ਗਏ ਅਤੇ ਅੱਖਾਂ ਬੰਦ ਕਰਕੇ ਉੱਪਰ ਚਾਦਰ ਲੈ ਲਈ। ਉਨ੍ਹਾਂ ਦੀ ਜੋਤ ਪ੍ਰਭੂ ਦੀ ਜੋਤ ਨਾਲ ਇਕਮਿਕ ਹੋ ਗਈ ਸੀ। ਸਭ ਪਾਸੇ ਆਵਾਜ਼ਾਂ ਗੂੰਜ ਰਹੀਆਂ ਸਨ, "ਗੁਰੂ ਅੰਗਦ ਜਿਹਾ ਨਾ ਹੋਰ ਕੋਈ"।



# ਸ੍ਰੀ ਗੁਰੂ ਅਮਰ ਦਾਸ ਜੀ

# ਮੁੱਢਲਾ ਜੀਵਨ

(ਗੁਰੂ) ਅਮਰਦਾਸ ਜੀ ਦਾ ਜਨਮ ਪਿੰਡ ਬਾਸਰਕੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ 5 ਮਈ ਸੰਨ 1479 ਨੂੰ ਮਾਤਾ ਲੱਖੋ ਜੀ ਦੀ ਕੁਖੋਂ ਅਤੇ ਬਾਬਾ ਤੇਜ ਭਾਨ ਜੀ ਦੇ ਘਰ ਹੋਇਆ। ਗੁਰੂ ਅਮਰਦਾਸ ਜੀ ਆਪਣੇ ਭੈਣ ਭਰਾਵਾਂ ਵਿਚ ਸਭ ਤੋਂ ਵੱਡੇ ਸਨ। ਤਿੰਨ ਛੋਟੇ ਭਰਾ ਹੋਰ ਸਨ ਜਿਨ੍ਹਾਂ ਦੇ ਨਾਂ ਬਾਬਾ ਈਸ਼ਰ ਦਾਸ ਜੀ, ਬਾਬਾ ਖੇਮ ਰਾਇ ਜੀ ਅਤੇ ਬਾਬਾ ਮਾਣਕ ਚੰਦ ਜੀ ਸਨ। ਭਾਈ ਗੁਰਦਾਸ ਜੀ ਬਾਬਾ ਈਸ਼ਰ ਚੰਦ ਦੇ ਸਪੁੱਤਰ ਸਨ। ਭਾਈ ਸਾਵਨ ਮਲ ਜੀ ਜਿਨ੍ਹਾਂ ਨੇ ਹਰੀਪੁਰ ਰਿਆਸਤ ਤੋਂ ਗੋਇੰਦਵਾਲ ਸਾਹਿਬ ਲਈ ਇਮਾਰਤੀ ਲੱਕੜੀ ਲਿਆਉਣ ਦਾ ਇੰਤਜ਼ਾਮ ਕੀਤਾ ਸੀ, ਬਾਬਾ ਖੇਮ ਰਾਇ ਦੇ ਸਪੁੱਤਰ ਸਨ। ਚੌਥੇ ਭਰਾ ਭਾਈ ਮਾਣਕ ਚੰਦ ਜੀ ਦੇ ਸਪੁੱਤਰ ਭਾਈ ਜੱਸੂ ਜੀ, ਗੁਰੂ ਅੰਗਦ ਦੇਵ ਜੀ ਦੀ ਸਪੁਤਰੀ ਬੀਬੀ ਅਮਰੋ ਨਾਲ ਵਿਆਹੇ ਹੋਏ ਸਨ। ਇਸ ਤਰ੍ਹਾਂ ਚਾਰੇ ਭਰਾਵਾਂ ਦੇ ਹੀ ਗੁਰੂ ਘਰ ਨਾਲ ਬੜੇ ਨੇੜੇ ਦੇ ਅਤੇ ਸ਼ਰਧਾਪੂਰਣ ਸੰਬੰਧ ਸਨ।

(ਗੁਰੂ) ਅਮਰਦਾਸ ਜੀ ਦੇ ਪਿਤਾ ਜੀ ਬਾਬਾ ਤੇਜ ਭਾਨ ਜੀ ਖੇਤੀ ਅਤੇ ਹੱਟੀ ਕਰਦੇ ਸਨ। ਸੱਚਾ ਸੁੱਚਾ ਵਿਉਹਾਰ ਹੋਣ ਕਰਕੇ ਇਲਾਕੇ ਵਿਚ ਉਨ੍ਹਾਂ ਦੀ ਬੜੀ ਦੀਦ ਸੀ। (ਗੁਰੂ) ਅਮਰਦਾਸ ਜੀ ਵੱਡੇ ਪੁੱਤਰ ਹੋਣ ਦੇ ਨਾਤੇ ਛੇਤੀ ਹੀ ਆਪਣੇ ਪਿਤਾ ਜੀ ਦੇ ਨਾਲ ਹੱਥ ਵਟਾਉਣ ਲਗ ਪਏ ਅਤੇ ਹੱਟੀ ਤੇ ਬੈਠਣ ਲੱਗੇ। ਉਨ੍ਹਾਂ ਦਾ ਕੱਦ ਮਧਰਾ ਪਰ ਸਰੀਰ ਬੜਾ ਕਮਾਇਆ ਹੋਇਆ ਸੀ। ਬਚਪਨ ਤੋਂ ਹੀ ਕਸਰਤ ਕਰਦੇ ਸਨ ਅਤੇ ਖੇਤੀ-ਬਾੜੀ ਵਿਚ ਵੀ ਆਪਣੇ ਪਿਤਾ ਜੀ ਦਾ ਪੂਰਾ ਸਾਥ ਦਿੰਦੇ ਸਨ। ਜਦ ਵੀ ਉਹਨਾਂ ਨੂੰ ਕੁਝ ਸਮਾਂ ਮਿਲਦਾ ਤਾਂ ਗ਼ਰੀਬਾਂ ਦੀ ਸੇਵਾ ਕਰਕੇ ਬਹੁਤ ਪ੍ਰਸੰਨ ਹੁੰਦੇ। ਉਹਨਾਂ ਨੇ ਸਾਰੀ ਪੜ੍ਹਾਈ ਵੀ ਘਰ ਵਿਚੋਂ ਹੀ ਪ੍ਰਾਪਤ ਕੀਤੀ। ਸਾਧੂਆਂ ਸੰਤਾਂ ਨਾਲ ਪ੍ਰੇਮ ਹੋਣ ਕਰਕੇ ਉਹਨਾਂ ਦੀ ਰੁੱਚੀ ਭਜਨ-ਬੰਦਗੀ ਵਲ ਝੁਕ ਗਈ ਸੀ। ਜਦ ਵੀ ਕੋਈ ਸਾਧੂਆਂ ਦੀ ਮੰਡਲੀ ਪਿੰਡ ਵਿਚ ਆਉਂਦੀ ਤਾਂ ਉਹ ਕਈ ਦਿਨ ਪਿੰਡ ਵਿਚ ਰੱਖ ਕੇ ਉਨ੍ਹਾਂ ਦੀ ਟਹਿਲ-ਸੇਵਾ ਕਰਦੇ। ਸਾਧੂ-ਮਹਾਤਮਾਵਾਂ ਦੀ ਸੰਗਤ ਪ੍ਰਾਪਤ ਹੋਣ ਕਰਕੇ ਉਹ ਆਪ ਵੀ ਭਜਨ ਬੰਦਗੀ ਕਰਦੇ।

ਪ੍ਰਭੂ ਨਾਲ ਉਨ੍ਹਾਂ ਦੀ ਐਸੀ ਲਿਵ ਲੱਗੀ ਕਿ ਦਿਨ-ਰਾਤ ਕੰਮ-ਧੰਦਾ ਕਰਦੇ ਵੀ ਪ੍ਰਭੂ ਦੇ ਨਾਮ ਦਾ ਜਾਪ ਕਰਦੇ ਰਹਿੰਦੇ। ਜਦ ਜਵਾਨ ਹੋਏ ਤਾਂ ਪਿਤਾ ਜੀ ਨੇ ਵਿਆਹ ਵਾਸਤੇ ਜ਼ੋਰ ਪਾਇਆ ਪਰ (ਗੁਰੂ) ਅਮਰਦਾਸ ਜੀ ਇਸ ਪਾਸੇ ਧਿਆਨ ਹੀ ਨਹੀਂ ਸਨ ਕਰਦੇ। ਉਹ ਆਪਣੇ ਕੰਮ ਅਤੇ ਪ੍ਰਭੂ ਭਗਤੀ ਵਿਚ ਮਸਤ ਰਹਿੰਦੇ। ਛੋਟੇ ਤਿੰਨਾਂ ਭਰਾਵਾਂ ਦੇ ਵਿਆਹ ਉਨ੍ਹਾਂ ਆਪਣੇ ਹੱਥੀਂ ਕੀਤੇ, ਪਰ ਆਪ ਪ੍ਰਭੂ ਦੀ ਲਿਵ ਵਿਚ ਲੀਨ ਰਹਿੰਦੇ।

ਅੰਤ ਵਿਚ ਬਾਬਾ ਤੇਜ ਭਾਨ ਜੀ ਨੇ ਉਨ੍ਹਾਂ ਨੂੰ ਮਨਾਇਆ ਤੇ ਉਨ੍ਹਾਂ ਦਾ ਵਿਆਹ 28 ਸਾਲ ਦੀ ਉਮਰ ਵਿਚ ਸਿਆਲਕੋਟ ਨੇੜੇ ਪਿੰਡ ਸਨਖਤਰਾ ਵਿਖੇ ਕਰ ਦਿੱਤਾ। ਉਹਨਾਂ ਦੀ ਪਤਨੀ ਮਨਸਾ ਦੇਵੀ, ਸ੍ਰੀ ਦੇਵੀ ਚੰਦ ਬਹਿਲ ਦੀ ਲੜਕੀ ਸੀ। ਬੇਸ਼ਕ 28 ਸਾਲ ਦੀ ਉਮਰ

ਵਿਚ ਉਨ੍ਹਾਂ ਦਾ ਵਿਆਹ ਹੋ ਗਿਆ ਪਰ 40 ਸਾਲ ਦੀ ਉਮਰ ਤਕ ਉਨ੍ਹਾਂ ਦੀ ਕੋਈ ਸੰਤਾਨ ਨਾ ਹੋਈ। ਉਨ੍ਹਾਂ ਦੀ ਪਹਿਲੀ ਸੰਤਾਨ ਬੀਬੀ ਦਾਨੀ ਜੀ ਸਨ। ਉਸ ਤੋਂ ਬਾਅਦ ਬਾਬਾ ਮੋਹਣ ਜੀ, ਬਾਬਾ ਮੋਹਰੀ ਜੀ ਅਤੇ ਬੀਬੀ ਭਾਨੀ ਜੀ ਨੇ ਜਨਮ ਲਿਆ।

ਪੰਜਾਹ ਸਾਲ ਦੀ ਉਮਰ ਵਿਚ ਤੀਰਥ ਇਸ਼ਨਾਨ ਕਰਨ ਅਤੇ ਤਪ ਕਰਨ ਦਾ ਵਿਚਾਰ ਬਣਾਇਆ। ਸਾਲ ਵਿਚ ਦੋ ਵਾਰ ਹਰਦਵਾਰ ਜਾਣ ਲੱਗੇ।

ਇਕ ਵਾਰ ਜਦ ਉਹ ਇੱਕੀਵੀਂ ਵਾਰ ਇਸ਼ਨਾਨ ਕਰਕੇ ਵਾਪਸ ਮੁੜ ਰਹੇ ਸਨ ਤਾਂ ਉਨ੍ਹਾਂ ਦਾ ਇਕ ਦੁਰਗਾ ਨਾਮੀ ਬ੍ਰਾਹਮਣ ਨਾਲ ਮੇਲ ਹੋਇਆ। ਜਦ ਉਹ ਆਰਾਮ ਕਰਨ ਲਈ ਲੱਤ ਉਤੇ ਲੱਤ ਰੱਖ ਕੇ ਲੇਟੇ ਹੋਏ ਸਨ ਤਾਂ ਦੁਰਗਾ ਬ੍ਰਾਹਮਣ ਦੀ ਨਜ਼ਰ ਉਨ੍ਹਾਂ ਦੇ ਪੈਰਾਂ 'ਤੇ ਪਈ। ਉਹਨਾਂ ਦੇ ਪੈਰਾਂ ਵਿਚ ਪਦਮ ਵੇਖ ਕੇ ਉਹ ਹੈਰਾਨ ਰਹਿ ਗਿਆ ਅਤੇ (ਗੁਰੂ) ਅਮਰਦਾਸ ਜੀ ਅੱਗੇ ਹੱਥ ਜੋੜ ਕੇ ਕਹਿਣ ਲੱਗਾ, "ਆਪ ਦੇ ਪੈਰ ਵਿਚ ਪਦਮ ਸੰਕੇਤ ਦਿੰਦਾ ਹੈ ਕਿ ਜਾਂ ਤਾਂ ਆਪ ਇਕ ਵੱਡੇ ਸ਼ਹਿਨਸ਼ਾਹ ਬਣੋਗੇ ਜਾਂ ਸੱਚੇ ਪਾਤਸ਼ਾਹ।" ਗੁਰੂ ਜੀ ਪੰਡਿਤ ਦੀ ਇਹ ਗੱਲ ਸੁਣ ਕੇ ਮੁਸਕਰਾ ਪਏ। ਉਨ੍ਹਾਂ ਕੋਈ ਉੱਤਰ ਨਾ ਦਿੱਤਾ।



# ਸੱਚੇ ਪਾਤਸ਼ਾਹ ਬਣੇ

ਜਦ ਦੁਰਗਾ ਬ੍ਰਾਹਮਣ ਨੇ (ਗੁਰੂ) ਅਮਰਦਾਸ ਜੀ ਨੂੰ ਕਿਹਾ ਕਿ ਆਪ ਕਿਸੇ ਦਿਨ ਸੱਚੇ ਪਾਤਸ਼ਾਹ ਬਣੋਗੇ ਤਾਂ ਇਨ੍ਹਾਂ ਬਚਨਾਂ ਨੂੰ ਸਫ਼ਰ ਦੇ ਬਾਕੀ ਸਾਥੀਆਂ ਵੀ ਸੁਣ ਲਿਆ। ਇਨ੍ਹਾਂ ਸਾਥੀਆਂ ਵਿਚ ਬਾਬਾ ਸ੍ਰੀ ਚੰਦ ਦਾ ਉਪਾਸ਼ਕ ਇਕ ਬ੍ਰਹਮਚਾਰੀ ਆਪ ਦਾ ਸੰਗੀ ਬਣ ਗਿਆ। ਉਹ ਗੁਰੂ ਜੀ ਦੇ ਸੁਭਾਅ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਪੜਾਅ ਵਾਰ ਉਨ੍ਹਾਂ ਦੇ ਨਾਲ ਹੀ ਚਲ ਪਿਆ। ਪਹਿਲਾਂ ਉਹ ਕਿਸੇ ਦੇ ਹੱਥ ਦੀ ਬਣਾਈ ਰੋਟੀ ਨਹੀਂ ਸੀ ਖਾਂਦਾ ਫਿਰ ਉਹ (ਗੁਰੂ) ਅਮਰਦਾਸ ਜੀ ਦੇ ਹੱਥ ਦੀ ਪੱਕੀ ਰੋਟੀ ਖਾਣ ਲੱਗ ਗਿਆ। ਗੁਰੂ ਜੀ ਉਸ ਸਾਧੂ ਨੂੰ ਆਪਣੇ ਨਾਲ ਹੀ ਪਿੰਡ ਬਾਸਰਕੇ ਲੈ ਆਏ। ਘਰ ਵਿਚ ਆਪਣੇ ਨਿੱਜੀ ਚੁਬਾਰੇ ਵਿਚ ਠਹਿਰਾ ਕੇ ਉਨ੍ਹਾਂ ਉਸਦੀ ਬਹੁਤ ਸੇਵਾ ਕੀਤੀ। ਬ੍ਰਹਮਚਾਰੀ ਵੀ (ਗੁਰੂ) ਅਮਰਦਾਸ ਦੇ ਪ੍ਰਵਾਰ ਵਲੋਂ ਕੀਤੀ ਸੇਵਾ 'ਤੇ ਬਹੁਤ ਖੁਸ਼ ਹੋਇਆ ਅਤੇ ਪੁੱਛਿਆ, "ਧਰਮਾਤਮਾ ਜੀ ! ਤੁਸੀਂ ਕਿਸ ਗੁਰੂ ਦੇ ਚੇਲੇ ਹੋ।" ਪਰ (ਗੁਰੂ) ਅਮਰਦਾਸ ਜੀ ਨੇ ਕਿਹਾ ਕਿ ਉਹ ਹਾਲੇ ਤੱਕ ਗੁਰੂ ਦੀ ਖੋਜ ਹੀ ਕਰ ਰਹੇ ਹਨ, ਸੱਚੇ ਗੁਰੂ ਦੀ ਉਨ੍ਹਾਂ ਨੂੰ ਪ੍ਰਾਪਤੀ ਨਹੀਂ ਹੋਈ।

ਸਾਧੂ ਬ੍ਰਹਮਚਾਰੀ ਗੁਰ ਅਮਰਦਾਸ ਜੀ ਦੇ ਇਹ ਬਚਨ ਸੁਣ ਕੇ ਬੜਾ ਹੈਰਾਨ ਅਤੇ ਦੁੱਖੀ ਹੋਇਆ ਅਤੇ ਉੱਚੀ ਉੱਚੀ ਕਹਿਣ ਲੱਗਾ, "ਮੈਨੂੰ ਲਾਅਨਤ ਹੈ, ਮੈਂ ਇਕ ਨਿਗੁਰੇ ਦਾ ਸੰਗ ਕਰਕੇ ਆਪਣਾ ਜਨਮ ਹੀ ਗਵਾ ਲਿਆ ਹੈ।" ਇਸ ਤਰ੍ਹਾਂ ਉੱਚੀ ਉੱਚੀ ਬੋਲਦਾ ਉਹ ਚੁਬਾਰੇ ਦੀਆਂ ਪੌੜੀਆਂ ਉਤਰ ਗਿਆ ਅਤੇ ਘਰ ਛੱਡ ਗਿਆ।

ਸਾਧੂ ਬ੍ਰਹਮਚਾਰੀ ਦੇ ਇਹ ਬੋਲ ਸੁਣ ਕੇ (ਗੁਰੂ)ਅਮਰਦਾਸ ਜੀ ਡੂੰਘੀ ਚਿੰਤਾ ਵਿਚ ਡੁੱਬ ਗਏ। ਉਨ੍ਹਾਂ ਨੂੰ ਲੱਗਾ ਕਿ ਉਹਨਾਂ ਦੀਆਂ ਸਾਰੀਆਂ ਤੀਰਥ ਯਾਤਰਾਵਾਂ ਫਜ਼ੂਲ ਸਨ, ਗੁਰੂ ਤੋਂ ਬਗੈਰ ਮੁਕਤੀ ਨਹੀਂ ਮਿਲ ਸਕਦੀ। ਇਸ ਤਰ੍ਹਾਂ ਉਹ ਹਰ ਵੇਲੇ ਗੁਰੂ ਪ੍ਰਾਪਤੀ ਬਾਰੇ ਹੀ ਸੋਚਣ ਲੱਗੇ।

ਇਨ੍ਹਾਂ ਦਿਨਾਂ ਵਿਚ ਇਕ ਦਿਨ ਉਨ੍ਹਾਂ ਸਵੇਰੇ ਆਪਣੇ ਭਰਾ ਮਾਣਕ ਚੰਦ ਦੇ ਘਰੋਂ ਆਉਂਦੀ ਬਾਣੀ ਦੀ ਮਿੱਠੀ ਮਿੱਠੀ ਧੁਨ ਸੁਣੀ। ਇਸ ਬਾਣੀ ਦਾ ਉਨ੍ਹਾਂ 'ਤੇ ਬਹੁਤ ਪ੍ਰਭਾਵ ਪਿਆ। ਇਕ ਦਿਨ ਉਹ ਆਪਣੀ ਭਰਜਾਈ ਨੂੰ ਪੁੱਛ ਬੈਠੇ ਕਿ ਬੀਬੀ ਅਮਰੋ ਜੋ ਬਾਣੀ ਪੜ੍ਹਦੀ ਹੈ, ਉਹ ਕਿਸ ਦੀ ਉਚਾਰੀ ਹੋਈ ਹੈ। ਉਹਨਾਂ ਦੀ ਭਰਜਾਈ ਨੇ ਦੱਸਿਆ ਕਿ ਇਹ ਬਾਣੀ ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਹੈ ਅਤੇ ਬੀਬੀ ਅਮਰੋ ਨੇ ਆਪਣੇ ਪਿਤਾ ਪਾਸੋਂ ਸਿੱਖੀ ਹੈ ਜਿਹੜੇ ਕਿ ਇਸ ਸਮੇਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬੈਠੇ ਹਨ। (ਗੁਰੂ) ਅਮਰਦਾਸ ਜੀ ਨੂੰ ਇਹ ਮਹਿਸੂਸ ਹੋਇਆ ਜਿਵੇਂ ਸੱਚਾ ਗੁਰੂ ਉਹਨਾਂ ਨੂੰ ਮਿਲ ਗਿਆ ਹੋਵੇ। ਉਹ ਅਗਲੇ ਦਿਨ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ ਅਤੇ ਗੁਰੂ ਅੰਗਦ ਦੇਵ ਜੀ ਦੇ ਚਰਨੀ ਜਾ ਸੀਸ ਨਿਵਾਇਆ।

ਉਥੇ ਕੁਝ ਦਿਨ ਠਹਿਰਨ, ਬਾਣੀ ਅਤੇ ਕੀਰਤਨ ਸੁਣ ਕੇ ਇਤਨੇ ਪ੍ਰਭਾਵਿਤ ਹੋਏ ਕਿ ਉਹਨਾਂ ਨੇ ਪੱਕਾ ਮਨ ਬਣਾ ਲਿਆ ਕਿ ਉਹ ਖਡੂਰ ਸਾਹਿਬ ਹੀ ਠਹਿਰਨਗੇ। ਕੁਝ ਦਿਨ

ਲੰਗਰ ਦੀ ਸੇਵਾ ਕਰਨ ਤੋਂ ਬਾਅਦ ਉਹ ਗੁਰੂ ਅੰਗਦ ਦੇਵ ਜੀ ਦੇ ਨਿੱਜੀ ਸੇਵਕ ਬਣ ਗਏ ਅਤੇ ਹਰ ਵੇਲੇ ਉਹਨਾਂ ਦੀ ਸੇਵਾ ਕਰਨ ਲਈ ਤੱਤਪਰ ਰਹਿੰਦੇ। ਉਨ੍ਹਾਂ ਨੇ ਇਹ ਨਿਤਨੇਮ ਬਣਾ ਲਿਆ ਕਿ ਸਵੇਰੇ ਤਿੰਨ ਵਜੇ ਉੱਠ ਕੇ ਬਿਆਸ ਦਰਿਆ ਤੇ ਜਾਂਦੇ ਅਤੇ ਪਾਣੀ ਦੀ ਗਾਗਰ ਭਰ ਕੇ ਲਿਆ ਕੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾਉਂਦੇ। ਫਿਰ ਉਹ ਲੰਗਰ ਦੀ ਸੇਵਾ ਵਿਚ ਰੁਝ ਜਾਂਦੇ, ਕੁਝ ਸਮਾਂ ਪੜ੍ਹਾਈ ਕਰਦੇ ਅਤੇ ਫਿਰ ਸੇਵਾ ਵਿਚ ਲੱਗ ਜਾਂਦੇ। ਗੁਰਬਾਣੀ ਤਾਂ ਉਹ ਸੁੱਤੇ ਜਾਗਦੇ ਵੀ ਪੜ੍ਹਦੇ ਰਹਿੰਦੇ ਸਨ।

ਅੰਤ ਵਿਚ ਉਨ੍ਹਾਂ ਦੀ ਸੇਵਾ ਪ੍ਰਵਾਨ ਹੋਈ ਅਤੇ ਗੁਰੂ ਅੰਗਦ ਦੇਵ ਜੀ ਨੇ ਇਹ ਮਨ ਬਣਾ ਲਿਆ ਕਿ ਗੁਰੂ-ਗੱਦੀ ਦੀ ਜ਼ਿਮੇਂਵਾਰੀ (ਗੁਰੂ) ਅਮਰਦਾਸ ਨੂੰ ਸੌਂਪੀ ਜਾਵੇ। ਉਨ੍ਹਾਂ ਬਾਬਾ ਬੁੱਢਾ ਜੀ ਨੂੰ ਬੁਲਾਇਆ ਤੇ ਉਨ੍ਹਾਂ ਨੂੰ ਗਾਗਰ ਪਾਣੀ ਦੀ ਭਰ ਕੇ ਲਿਆਉਣ ਲਈ ਕਿਹਾ। ਗੁਰੂ ਅੰਗਦ ਦੇਵ ਜੀ ਨੇ ਆਪ ਹੱਥੀ ਇਸ਼ਨਾਨ ਕਰਵਾ ਕੇ ਗੁਰੂ ਅਮਰਦਾਸ ਜੀ ਨੂੰ ਗੁਰ-ਗੱਦੀ 'ਤੇ ਬਿਠਾ ਦਿੱਤਾ ਤੇ ਉਨ੍ਹਾਂ ਦੁਆਲੇ ਤਿੰਨ ਪ੍ਰਕਰਮਾਂ ਕਰਕੇ ਮੱਥਾ ਟੇਕਿਆ ਅਤੇ ਬਾਬਾ ਬੁੱਢਾ ਜੀ ਨੇ ਤਿਲਕ ਲਗਾਉਣ ਦੀ ਰਸਮ ਅਦਾ ਕੀਤੀ। ਫਿਰ ਸਾਰੀ ਸੰਗਤ ਨੂੰ ਆਦੇਸ਼ ਕੀਤਾ ਕਿ ਅੱਜ ਤੋਂ ਤੁਹਾਡੇ ਗੁਰੂ ਸੀ ਅਮਰਦਾਸ ਜੀ ਹਨ। ਸਾਰੀ ਸੰਗਤ ਨੇ ਫਿਰ ਬਾਬਾ ਅਮਰਦਾਸ ਜੀ ਅੱਗੇ ਸਿਰ ਨਿਵਾਇਆ। ਬ੍ਰਾਹਮਣ ਦੁਰਗਾ ਦੀ ਕਹੀ ਗੱਲ ਸੱਚੀ ਸਾਬਤ ਹੋਈ। ਗੁਰੂ ਅਮਰਦਾਸ ਜੀ ਇਸ ਦੀਨ ਦੁਨੀ ਦੇ ਸੱਚੇ ਪਾਤਸ਼ਾਹ ਬਣੇ।



# ਗੋਇੰਦਵਾਲ ਦੀ ਉਸਾਰੀ

ਗੋਇੰਦੇ ਨਾਂ ਦਾ ਇਕ ਵਿਉਪਾਰੀ ਸੀ। ਉਸ ਦੀ ਜ਼ਮੀਨ ਦਰਿਆ ਬਿਆਸ ਦੇ ਲਾਗੇ ਸੀ। ਵਿਉਪਾਰੀ ਹੋਣ ਕਰਕੇ ਉਸ ਨੂੰ ਕਾਫੀ ਸਮਾਂ ਦੂਰ-ਦੁਰਾਡੇ ਦੇਸ਼ਾਂ, ਪ੍ਰਦੇਸ਼ਾਂ ਵਿਚ ਰਹਿਣਾ ਪੈਂਦਾ ਸੀ। ਇਕ ਵਾਰ ਜਦ ਉਹ ਬਾਹਰ ਗਿਆ ਤਾਂ ਉਸ ਦੀ ਜ਼ਮੀਨ ਉਤੇ ਉਸਦੇ ਸ਼ਰੀਕਾਂ ਨੇ ਕਬਜ਼ਾ ਕਰ ਲਿਆ। ਉਸਨੇ ਬਥੇਰੇ ਯਤਨ ਕੀਤੇ, ਪਰ ਸ਼ਰੀਕਾਂ ਨੇ ਕਬਜ਼ਾ ਨਾ ਛੱਡਿਆ। ਅਖ਼ੀਰ ਉਸ ਦਿੱਲੀ ਮੁਕੱਦਮਾ ਕਰ ਦਿੱਤਾ ਅਤੇ ਸੁੱਖਣਾਂ ਸੁੱਖ ਲਈ ਕਿ ਜੇ ਉਹ ਮੁਕੱਦਮਾ ਜਿੱਤ ਜਾਵੇ ਤਾਂ ਉਹ ਅੱਧੀ ਜ਼ਮੀਨ ਖਡੂਰ ਸਾਹਿਬ ਵਾਲੇ ਗੁਰੂ ਜੀ ਦੇ ਨਾਂ ਕਰ ਦੇਵੇਗਾ।

ਭਾਣਾ ਵਾਹਿਗੁਰੂ ਦਾ ਐਸਾ ਹੋਇਆ ਕਿ ਉਹ ਮੁਕੱਦਮਾ ਜਿੱਤ ਗਿਆ ਅਤੇ ਅੱਧੀ ਜ਼ਮੀਨ ਦਾ ਪੱਟਾ ਉਸ ਗੁਰੂ ਜੀ ਦੇ ਨਾਂ ਕਰ ਦਿੱਤਾ। ਆਪਣੀ ਜ਼ਮੀਨ ਵਿਚ ਫਿਰ ਉਸ ਇਕ ਨਗਰ ਦੀ ਉਸਾਰੀ ਕਰਨੀ ਚਾਹੀ। ਪਰ ਮੁਕੱਦਮਾ ਹਾਰਨ ਵਾਲੇ ਸ਼ਰੀਕ ਉਸ ਦੇ ਉਸਾਰੇ ਮਕਾਨ ਰਾਤੋ ਰਾਤ ਢਾਹ ਦਿੰਦੇ ਸਨ ਅਤੇ ਉਨ੍ਹਾਂ ਇਹ ਅਫ਼ਵਾਹ ਫੈਲਾ ਦਿੱਤੀ ਸੀ ਕਿ ਪਿੰਡ ਵਿਚ ਭੂਤ ਵਸਦੇ ਹਨ ਅਤੇ ਉਹ ਮਕਾਨਾਂ ਨੂੰ ਰਾਤੋ-ਰਾਤ ਢਾਹ ਦਿੰਦੇ ਹਨ। ਗੋਇੰਦਾ ਇਸ ਕਾਰਵਾਈ ਤੋਂ ਬਹੁਤ ਦੁੱਖੀ ਹੋਇਆ ਤੇ ਉਹ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਹਾਜ਼ਰ ਹੋਇਆ। ਉਸ ਨੇ ਇਕ ਨਵੇਂ ਨਗਰ ਦੀ ਉਸਾਰੀ ਵਿਚ ਪੇਸ਼ ਆ ਰਹੀਆਂ ਔਕੜਾਂ ਬਾਰੇ ਬੇਨਤੀ ਕੀਤੀ। ਗੁਰੂ ਜੀ ਨੇ ਭਾਈ ਗੋਇੰਦੇ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਨਗਰ ਵਸਾਉਣ ਵਿਚ ਉਸ ਦੀ ਸਹਾਇਤਾ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਨੇ ਉਸੇ ਸਮੇਂ ਬਾਬਾ ਦਾਸੂ ਨੂੰ ਬੁਲਾਇਆ ਅਤੇ ਉਸ ਨੂੰ ਆਦੇਸ਼ ਦਿੱਤਾ ਕਿ ਉਹ ਗੋਇੰਦੇ ਨਾਲ ਜਾ ਕੇ ਨਗਰ ਦੀ ਉਸਾਰੀ ਕਰਵਾਉਣ। ਪਰ ਬਾਬਾ ਦਾਸੂ ਜੀ ਨੇ ਇਹ ਗੱਲ ਕਹਿ ਕੇ ਨਾਂਹ ਕਰ ਦਿੱਤੀ ਕਿ ਐਸੀ ਜਗ੍ਹਾ ਕਿਉਂ ਭੇਜਦੇ ਹੋ ਜਿੱਥੇ ਭੂਤਾਂ, ਪ੍ਰੇਤਾਂ ਦਾ ਵਾਸਾ ਹੋਵੇ, ਸਾਨੂੰ ਖਡੂਰ ਹੀ ਚੰਗਾ ਹੈ। ਜਦ ਬਾਬਾ ਦਾਤੂ ਜੀ ਨੂੰ ਬੁਲਾ ਕੇ ਭਾਈ ਗੋਇੰਦੇ ਨਾਲ ਜਾਣ ਨੂੰ ਕਿਹਾ ਗਿਆ ਤਾਂ ਉਹ ਵੀ ਟਾਲ-ਮਟੋਲ ਕਰ ਗਿਆ।

ਜਦ ਗੁਰੂ ਜੀ ਨੇ ਦੇਖਿਆ ਕਿ ਉਸ ਦਾ ਕੋਈ ਪੁੱਤਰ ਵੀ ਜਾਣ ਨੂੰ ਤਿਆਰ ਨਹੀਂ ਤਾਂ ਉਨ੍ਹਾਂ ਨੇ ਇਹੋ ਉਪਦੇਸ਼ ਬਾਬਾ ਅਮਰਦਾਸ ਜੀ ਨੂੰ ਕਹਿ ਸੁਣਾਇਆ। ਉਸ ਸਮੇਂ ਬਾਬਾ ਜੀ ਨੂੰ ਹਾਲੇ ਗੁਰ-ਗੱਦੀ ਨਹੀਂ ਸੌਂਪੀ ਗਈ ਸੀ। ਬਾਬਾ ਅਮਰਦਾਸ ਜੀ ਉਸੇ ਵੇਲੇ ਜਾਣ ਲਈ ਤਿਆਰ ਹੋ ਗਏ।

ਭੂਤਾਂ ਪ੍ਰੇਤਾਂ ਦਾ ਡਰ ਦੂਰ ਕਰਨ ਲਈ ਗੁਰੂ ਜੀ ਨੇ ਉਨ੍ਹਾਂ ਨੂੰ ਇਕ ਛੜੀ ਦਿੱਤੀ ਅਤੇ ਹਦਾਇਤ ਕੀਤੀ ਕਿ ਪੁਟਾਈ ਅਤੇ ਚੁਣਵਾਈ ਪੂਰਬ ਵਾਲੇ ਪਾਸੇ ਤੋਂ ਆਰੰਭ ਕੀਤੀ ਜਾਵੇ।

ਗੁਰੂ ਜੀ ਦਾ ਉਦੇਸ਼ ਅਤੇ ਛੜੀ ਲੈ ਕੇ ਬਾਬਾ ਅਮਰਦਾਸ ਜੀ ਭਾਈ ਗੋਇੰਦੇ ਦੀ ਜ਼ਮੀਨ ਵਿਚ ਆ ਟਿਕੇ। ਉਨ੍ਹਾਂ ਪੂਰਬ ਵਾਲੇ ਪਾਸੇ ਤੋਂ ਪਿੰਡ ਦੀ ਉਸਾਰੀ ਸ਼ੁਰੂ ਕਰ ਦਿੱਤੀ। ਇਲਾਕੇ ਦੀ ਸਿੱਖ ਸੰਗਤ ਵੀ ਸਹਾਇਤਾ ਲਈ ਪਹੁੰਚ ਗਈ। ਭਾਈ ਗੋਇੰਦੇ ਨੇ ਮਜ਼ਦੂਰਾਂ ਅਤੇ ਸਾਮਾਨ ਦਾ ਪ੍ਰਬੰਧ ਕਰ ਦਿੱਤਾ। ਜਰਨੈਲੀ ਸੜਕ ਦੇ ਉਤੇ ਹੋਣ ਕਰਕੇ ਕਈ ਸਰਾਵਾਂ ਅਤੇ ਹਵੇਲੀਆਂ

ਉਸਾਰ ਦਿੱਤੀਆਂ ਗਈਆਂ। ਗੁਰੂ ਸਾਹਿਬ ਵਾਸਤੇ ਸਤਿਸੰਗ ਘਰ ਅਤੇ ਰਿਹਾਇਸ਼ੀ ਮਕਾਨ ਉਸਾਰੇ ਗਏ। ਬਾਹਰ ਦੇ ਲੋਕਾਂ ਵਾਸਤੇ ਵੀ ਬਾਜ਼ਾਰ ਅਤੇ ਦੁਕਾਨਾਂ ਬਣਾ ਦਿੱਤੀਆਂ ਗਈਆਂ। ਇਸ ਤਰ੍ਹਾਂ ਕੁਝ ਸਮੇਂ ਵਿਚ ਗੋਇੰਦੇ ਦੀ ਜ਼ਮੀਨ ਵਿਚ ਇਕ ਸੁੰਦਰ ਸ਼ਹਿਰ ਵੱਸ ਗਿਆ। ਗੋਇੰਦੇ ਦੇ ਨਾਂ ਉਤੇ ਹੀ ਗੁਰੂ ਸਾਹਿਬ ਨੇ ਇਸ ਦਾ ਨਾਂ ਗੋਇੰਦਵਾਲ ਰਖਿਆ।

ਬਾਅਦ ਵਿਚ ਜਦ ਬਾਬਾ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਨੇ ਇਹ ਫੁਰਮਾਨ ਕੀਤਾ ਕਿ ਉਹ ਆਪਣੇ ਸਾਰੇ ਪਰਿਵਾਰ ਨੂੰ ਗੋਇੰਦਵਾਲ ਲੈ ਕੇ ਆਵੇ ਤਾਂ ਬਾਬਾ ਅਮਰਦਾਸ ਜੀ ਆਪਣੇ ਸਾਰੇ ਪਰਿਵਾਰ ਸਮੇਤ ਇਥੇ ਵੱਸ ਗਏ। ਪਰ ਬਾਬਾ ਅਮਰਦਾਸ ਨੇ ਆਪਣੀ ਸੇਵਾ ਵਿਚ ਕੋਈ ਫਰਕ ਨਾ ਆਉਣ ਦਿੱਤਾ। ਉਹ ਗੁਰੂ ਸਾਹਿਬ ਨੂੰ ਬਿਆਸਾ ਦੇ ਜਲ ਨਾਲ ਹੀ ਇਸ਼ਨਾਨ ਕਰਵਾਉਂਦੇ ਰਹੇ।



# ਰਾਜਾ ਹਰੀ ਚੰਦ ਦਾ ਦਰਸ਼ਨਾਂ ਨੂੰ ਆਉਣਾ

ਗੁਰ-ਗੱਦੀ ਪ੍ਰਾਪਤ ਕਰਨ ਤੋਂ ਬਾਅਦ ਸ਼ਾਂਤ ਸਰੂਪ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਵਲੋਂ ਮਿਲੇ ਆਦੇਸ਼ ਅਨੁਸਾਰ ਗੋਇੰਦਵਾਲ ਸਾਹਿਬ ਆ ਰੌਣਕਾਂ ਲਾਈਆਂ। ਪਹਿਲਾਂ ਕੁਝ ਦਿਨ ਉਹਨਾਂ ਮੰਜੀ ਨਾ ਲਾਈ, ਆਪਣੇ ਚੁਬਾਰੇ ਵਿਚ ਇਕਾਂਤ ਬੈਠ ਕੇ ਪ੍ਰਭੂ ਸਿਮਰਨ ਕਰਦੇ ਰਹੇ ਅਤੇ ਫਿਰ ਮੰਜੀ ਲਾ ਕੇ ਕੀਰਤਨ ਪ੍ਰਵਾਹ ਅਤੇ ਸਤਿਸੰਗ ਆਰੰਭ ਹੋ ਗਿਆ। ਦੂਰ ਦੂਰ ਦੀਆਂ ਸੰਗਤਾਂ ਹੁਮ ਹੁਮਾ ਕੇ ਆਉਣ ਲੱਗੀਆਂ ਅਤੇ ਕਾਰ ਭੇਟ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀਆਂ। ਗੁਰੂ ਜੀ ਨੇ ਵੀ ਅਤੁੱਟ ਲੰਗਰ ਦੀ ਦਾਤ ਬਖ਼ਸ਼ੀ ਅਤੇ ਕਿਸੇ ਚੀਜ਼ ਦੀ ਥੁੜ ਨਹੀਂ ਸੀ। ਦੂਰ ਦੂਰ ਤੋਂ ਲੋਕ ਆਕੇ ਨਿਵਾਸ ਕਰਨ ਲਗੇ, ਪਰ ਇਤਨੇ ਮਕਾਨ ਹਾਲੇ ਉਸਾਰੇ ਨਹੀਂ ਗਏ ਸਨ ਕਿ ਸਾਰੀਆਂ ਸੰਗਤਾਂ ਨਿਵਾਸ ਕਰ ਸਕਦੀਆਂ। ਬਾਕੀ ਵਸਤਾਂ ਤਾਂ ਉਪਲੱਬਧ ਸਨ, ਪਰ ਇਮਾਰਤੀ ਲੱਕੜੀ ਦੀ ਥੁੜ ਸੀ।

ਇਕ ਦਿਨ ਗੁਰੂ ਜੀ ਨੇ ਆਪਣੇ ਭਤੀਜੇ ਸਾਵਨ ਮਲ ਨੂੰ ਬੁਲਾਇਆ ਅਤੇ ਉਸ ਨੂੰ ਇਕ ਰੁਮਾਲਾ ਬਖ਼ਸ਼ਿਸ਼ ਕਰਕੇ ਹਰੀਪੁਰ ਦੇ ਪਹਾੜੀ ਰਾਜੇ ਪਾਸ ਭੇਜਿਆ ਕਿ ਉਹ ਛੇਤੀ ਹੀ ਇਮਾਰਤੀ ਲੱਕੜੀ ਦਾ ਇੰਤਜ਼ਾਮ ਕਰੇ।

ਜਦ ਭਾਈ ਸਾਵਨ ਮਲ ਹਰੀਪੁਰ ਸ਼ਹਿਰ ਵਿਖੇ ਪੁੱਜਾ ਤਾਂ ਉਸ ਨੇ ਵੇਖਿਆ ਕਿ ਸ਼ਹਿਰ ਦੇ ਲੋਕਾਂ ਨੇ ਇਕਾਦਸ਼ੀ ਦਾ ਵਰਤ ਰੱਖਿਆ ਹੋਇਆ ਸੀ, ਅਤੇ ਕਿਧਰੇ ਵੀ ਖਾਣ ਲਈ ਕੁਝ ਵੀ ਪ੍ਰਾਪਤ ਨਹੀਂ ਸੀ। ਭਾਈ ਸਾਵਨ ਮਲ ਨੇ ਆਪ ਲੱਕੜਾਂ ਇਕੱਠੀਆਂ ਕਰਕੇ ਰੋਟੀਆਂ ਬਣਾਈਆਂ। ਆਪ ਪ੍ਰਸ਼ਾਦ ਛਕਿਆ ਅਤੇ ਜਿਹੜਾ ਬਚਿਆ ਉਹ ਆਵਾਜ਼ਾਂ ਦੇ ਕੇ ਭੁੱਖੇ ਗ਼ਰੀਬਾਂ ਨੂੰ ਛਕਾਇਆ। ਰਾਜੇ ਪਾਸ ਕਿਸੇ ਨੇ ਇਹ ਖ਼ਬਰ ਕਰ ਦਿੱਤੀ ਕਿ ਇਕ ਸਿੱਖ ਨੇ ਅੱਗ ਬਾਲੀ ਹੈ ਅਤੇ ਰੋਟੀਆਂ ਪਕਾਈਆਂ ਹਨ। ਰਾਜੇ ਨੇ ਉਸੇ ਵੇਲੇ ਹੁਕਮ ਦਿੱਤਾ ਕਿ ਉਸ ਵਿਅਕਤੀ ਨੂੰ ਪਕੜ ਕੇ ਪੇਸ਼ ਕੀਤਾ ਜਾਵੇ।

ਪਰ ਜਦ ਹੀ ਭਾਈ ਸਾਵਨ ਮਲ ਨੂੰ ਕੈਦ ਕੀਤਾ ਗਿਆ ਉਸੇ ਸਮੇਂ ਰਾਜੇ ਦਾ ਲੜਕਾ ਬਹੁਤ ਬੀਮਾਰ ਹੋ ਗਿਆ। ਸ਼ਾਹੀ ਵੈਦ ਬੁਲਾਏ ਗਏ, ਪਰ ਲੜਕੇ ਦੀ ਤਕਲੀਫ ਵਧਦੀ ਗਈ। ਫਿਰ ਰਾਜੇ ਨੂੰ ਕਿਸੇ ਦੱਸਿਆ ਕਿ ਜਿਸ ਸਮੇਂ ਤੋਂ ਉਸ ਸਿੱਖ ਨੂੰ ਕੈਦ ਕੀਤਾ ਗਿਆ ਹੈ ਉਸੇ ਸਮੇਂ ਤੋਂ ਲੜਕੇ ਨੂੰ ਪੀੜ ਹੋ ਰਹੀ ਹੈ। ਉਸ ਸਿੱਖ ਨੂੰ ਇੱਥੇ ਬੁਲਾਉਣਾ ਚਾਹੀਦਾ ਹੈ। ਰਾਜੇ ਨੇ ਉਸੇ ਵੇਲੇ ਭਾਈ ਸਾਵਨ ਮਲ ਨੂੰ ਆਜ਼ਾਦ ਕਰਵਾ ਕੇ ਆਪਣੇ ਮਹਿਲਾਂ ਵਿਚ ਬੁਲਾ ਲਿਆ। ਜਦ ਸਾਵਨ ਮਲ ਉਥੇ ਪੁੱਜਾ ਤਾਂ ਰਾਜੇ ਨੇ ਆਪਣੇ ਲੜਕੇ ਦੇ ਦੁੱਖ ਬਾਰੇ ਦੱਸਿਆ। ਭਾਈ ਸਾਵਨ ਮਲ ਨੇ ਕਿਹਾ, "ਘਬਰਾਉਣ ਦੀ ਕੋਈ ਗੱਲ ਨਹੀਂ, ਇਹਨਾਂ ਵੈਦ, ਹਕੀਮਾਂ ਨੂੰ ਪਰ੍ਹੇ ਕਰ ਦਿਓ, ਬੱਚੇ ਨੂੰ ਕਿਸੇ ਦਵਾਈ ਦੀ ਲੋੜ ਨਹੀਂ।" ਫਿਰ ਉਹ ਲੜਕੇ ਪਾਸ ਗਏ ਅਤੇ ਗੁਰੂ ਅਮਰਦਾਸ ਜੀ ਵਲੋਂ ਬਖਸ਼ਿਸ਼ ਕੀਤਾ ਰੁਮਾਲ ਬੱਚੇ ਦੇ ਮੂੰਹ 'ਤੇ ਫੇਰਿਆ। ਬੱਚਾ ਉਸੇ ਵੇਲੇ ਰਾਜ਼ੀ-ਬਾਜ਼ੀ ਹੋ ਗਿਆ। ਰਾਜਾ ਬਹੁਤ ਖੁਸ਼ ਹੋਇਆ ਤੇ ਉਸ ਭਾਈ ਸਾਵਨ ਮਲ ਨੂੰ ਉਸ ਰਿਆਸਤ ਵਿਚ ਆਉਣ ਦਾ ਪ੍ਰਯੋਜਨ ਪੁੱਛਿਆ। ਭਾਈ ਸਾਵਨ ਮਲ ਨੇ ਉਸ ਨੂੰ ਸਭ ਕੁਝ

ਦੱਸ ਦਿਤਾ, ਕਿ ਗੋਇੰਦਵਾਲ ਦੀ ਉਸਾਰੀ ਲਈ ਇਮਾਰਤੀ ਲੱਕੜੀ ਦੀ ਲੋੜ ਹੈ। ਰਾਜਾ ਹਰੀ ਚੰਦ ਉਸੇ ਵੇਲੇ ਮੰਨ ਗਏ ਤੇ ਆਪਣੇ ਬੰਦਿਆਂ ਦੀ ਨਿਗਰਾਨੀ ਹੇਠ ਉਨ੍ਹਾਂ ਨੇ ਲੱਕੜਾਂ ਅਤੇ ਸ਼ਤੀਰੀਆਂ ਦਰਿਆ ਬਿਆਸ ਵਿਚ ਠੇਲ੍ਹ ਦਿੱਤੀਆਂ ਤਾਂਕਿ ਗੋਇੰਦਵਾਲ ਜਾ ਕੇ ਪ੍ਰਾਪਤ ਕੀਤੀਆਂ ਜਾ ਸਕਣ।

ਫਿਰ ਰਾਜਾ ਹਰੀ ਚੰਦ ਨੇ ਇਹ ਖਾਹਿਸ਼ ਪ੍ਰਗਟ ਕੀਤੀ ਕਿ ਉਹ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਭਾਈ ਸਾਵਨ ਮਲ ਨੇ ਕਿਹਾ ਕਿ ਉਹ ਜਦ ਚਾਹੁਣ ਗੁਰੂ ਜੀ ਨੂੰ ਮਿਲ ਸਕਦੇ ਹਨ।

ਇਹ ਗੱਲ ਸੁਣ ਕੇ ਰਾਜਾ ਪਰਿਵਾਰ ਸਮੇਤ ਗੋਇੰਦਵਾਲ ਵੱਲ ਚਲ ਪਿਆ। ਜਦ ਰਾਜਾ ਆਪਣੀਆਂ ਰਾਣੀਆਂ ਸਹਿਤ ਗੋਇੰਦਵਾਲ ਪੁੱਜਾ ਤਾਂ ਸਿੱਖਾਂ ਨੇ ਉਸ ਨੂੰ ਸਮਝਾਇਆ ਕਿ ਰਾਣੀਆਂ ਸਾਦਾ ਲਿਬਾਸ ਅਤੇ ਘੁੰਡ ਕੱਢਣ ਤੋਂ ਬਗੈਰ ਗੁਰੂ ਦੇ ਦਰਸ਼ਨ ਲਈ ਜਾਣ।

ਜਦ ਰਾਜਾ ਰਾਣੀਆਂ ਨਾਲ ਦਰਸ਼ਨਾਂ ਨੂੰ ਗਿਆ ਤਾਂ ਇਕ ਰਾਣੀ ਨੇ ਘੁੰਡ ਕੱਢਿਆ ਹੋਇਆ ਸੀ। ਗੁਰੂ ਜੀ ਨੇ ਜਦ ਘੁੰਡ ਵਿਚ ਆਉਂਦੀ ਰਾਣੀ ਨੂੰ ਵੇਖਿਆ ਤਾਂ ਸਹਿਜ ਸਭਾਅ ਬਚਨ ਕੀਤੇ, "ਇਹ ਕਿਹੜੀ ਕਮਲੀ ਹੈ ਜੋ ਗੁਰੂ ਘਰ ਦੀ ਮਰਯਾਦਾ ਨਹੀਂ ਜਾਣਦੀ ਜੇ ਇਸ ਦਰਸ਼ਨ ਹੀ ਨਹੀਂ ਸੀ ਕਰਨੇ, ਫਿਰ ਕਾਹਦੇ ਵਾਸਤੇ ਆਈ ਹੈ ?"

ਮਹਾਰਾਜ ਦਾ ਵਾਕ ਹੁੰਦਿਆਂ ਹੀ ਉਹ ਰਾਣੀ ਕਮਲੀ ਹੋ ਗਈ ਅਤੇ ਜੰਗਲਾਂ ਨੂੰ ਭੱਜ ਗਈ। ਬਹੁਤ ਖੋਜ ਕੀਤੀ ਪਰ ਰਾਣੀ ਮਿਲ ਨਾ ਸਕੀ।



# ਭਾਈ ਸੱਚ ਨਿਸੱਚ

ਹਰੀ ਪੁਰ ਦਾ ਰਾਜਾ ਹੁਣ ਲਗਾਤਾਰ ਇਮਾਰਤੀ ਲੱਕੜੀ ਭੇਜੀ ਜਾ ਰਿਹਾ ਸੀ। ਨਵੀਆਂ ਇਮਾਰਤਾਂ ਦੀ ਉਸਾਰੀ ਜਾਰੀ ਸੀ। ਗੋਇੰਦਵਾਲ ਵਿਉਪਾਰ ਦਾ ਵੱਡਾ ਕੇਂਦਰ ਬਣਦਾ ਜਾ ਰਿਹਾ ਸੀ। ਗੋਇੰਦਵਾਲ ਏਨਾਂ ਪ੍ਰਸਿੱਧ ਹੋ ਗਿਆ ਕਿ ਦੱਸਦੇ ਹਨ ਕਿ ਇਕ ਵਾਰ ਦਿੱਲੀ ਵਿਖੇ ਤੇਲ ਦੀ ਥੁੜ ਆ ਗਈ। ਜਦ ਗੋਇੰਦਵਾਲ ਦੇ ਵਿਉਪਾਰੀਆਂ ਨੂੰ ਤੇਲ ਸਪਲਾਈ ਕਰਨ ਵਾਸਤੇ ਲਿਖਿਆ ਗਿਆ ਤਾਂ ਉਨ੍ਹਾਂ ਨੇ ਦਿੱਲੀ ਦੇ ਬਾਦਸ਼ਾਹ ਨੂੰ ਇਹ ਲਿਖਿਆ ਕਿ ਜੇ ਗੋਇੰਦਵਾਲ ਤਕ ਨਹਿਰ ਪੁਟਵਾ ਦਿੱਤੀ ਜਾਵੇ ਤਾਂ ਉਹ ਨਹਿਰ ਹੀ ਤੇਲ ਨਾਲ ਭਰ ਦੇਣਗੇ ਤਾ ਕਿ ਦੁਬਾਰਾ ਤੇਲ ਦੀ ਤੋਟ ਨਾ ਆਵੇ।

ਇਨ੍ਹਾਂ ਦਿਨਾਂ ਵਿਚ ਹੀ ਇਥੇ ਇਹ ਖ਼ਬਰ ਸੁਣਨ ਵਿਚ ਆਈ ਕਿ ਉਹ ਕਮਲੀ ਰਾਣੀ ਜਿਹੜੀ ਘੁੰਡ ਕੱਢਣ ਕਰਕੇ ਪਾਗਲ ਹੋ ਗਈ ਸੀ, ਲੱਭ ਗਈ ਹੈ। ਗੱਲ ਅਸਲ ਵਿਚ ਇਸ ਤਰ੍ਹਾਂ ਹੋਈ। ਸੱਚ ਨਿਸੱਚ ਗੁਰੂ ਘਰ ਦਾ ਬੜਾ ਪ੍ਰੇਮੀ ਸਿੱਖ ਸੀ। ਉਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ ਪਿੰਡ ਮਦਰਕਾ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਸੀ। ਉਹ ਇਕ ਲਾਇਕ ਅਤੇ ਮਸ਼ਹੂਰ ਹਕੀਮ ਸੀ। ਪਰ ਉਸ ਨੂੰ ਹਜ਼ੀਰਾਂ ਦੇ ਰੋਗ ਨੇ ਇਸ ਤਰ੍ਹਾਂ ਗ੍ਰੱਸਿਆ ਕਿ ਉਸ ਦਾ ਇਲਾਜ ਨਾ ਆਪ ਕਰ ਸਕਿਆ ਅਤੇ ਨਾ ਕੋਈ ਹੋਰ ਹਕੀਮ ਕਰ ਸਕਿਆ। ਇਕ ਦਿਨ ਉਹ ਸੰਗਤ ਨਾਲ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਇਆ। ਜਦ ਗੁਰੂ ਜੀ ਦੇ ਚਰਨਾਂ ਦੇ ਜੋੜੇ ਨੂੰ ਆਪਣੇ ਸਰੀਰ ਨਾਲ ਛੁਹਾਇਆ ਤਾਂ ਸਾਰਾ ਰੋਗ ਜਾਂਦਾ ਰਿਹਾ। ਗੁਰੂ ਜੀ ਦੇ ਚਰਨਾਂ ਦੀ ਇਸ ਬਰਕਤ ਨੂੰ ਵੇਖ ਕੇ ਧੰਨ ਹੋ ਗਿਆ ਅਤੇ ਸਦਾ ਲਈ ਗੋਇੰਦਵਾਲ ਦਾ ਹੋ ਕੇ ਰਹਿ ਗਿਆ। ਉਹ ਹਰ ਵੇਲੇ ਗੁਰੂ ਘਰ ਦੀ ਸੇਵਾ ਵਿਚ ਲੱਗਾ ਰਹਿੰਦਾ। ਉਹ ਲੰਗਰ ਦੀ ਸੇਵਾ ਕਰਦਾ, ਜੰਗਲ ਵਿਚ ਜਾ ਕੇ ਲੱਕੜਾਂ ਲਿਆਉਂਦਾ ਤੇ ਹਰ ਵੇਲੇ ਸੱਚ ਨਿਸੱਚ ਬੋਲਦਾ ਰਹਿੰਦਾ। ਉਸ ਦੇ ਇਸ ਤਰ੍ਹਾਂ 'ਸੱਚ ਨਿਸੱਚ' ਬੋਲਣ ਕਰਕੇ ਉਸਦਾ ਨਾਂ ਹੀ 'ਸੱਚ ਨਿਸੱਚ' ਪੈ ਗਿਆ।

ਇਕ ਦਿਨ ਜਦ ਲਕੜਾਂ ਵੱਢਣ ਵਾਸਤੇ ਉਹ ਜੰਗਲ ਨੂੰ ਜਾ ਰਿਹਾ ਸੀ ਤਾਂ ਪਿਛੋਂ ਆ ਕੇ ਕਿਸੇ ਨੇ ਉਸ ਨੂੰ ਐਸਾ ਜੱਫਾ ਮਾਰਿਆ ਕਿ ਉਸ ਪਾਸੋਂ ਛੁਡਾਇਆ ਹੀ ਨਾ ਜਾਵੇ। ਉਸਦਾ ਕੁਹਾੜਾ ਥੱਲੇ ਡਿੱਗ ਪਿਆ ਤੇ ਰੱਸਾ ਪੈਰ ਵਿਚ ਲਪੇਟਿਆ ਗਿਆ। ਜਦ ਉਸ ਜ਼ੋਰ ਨਾਲ ਜੱਫਾ ਛੁਡਵਾਇਆ ਤਾਂ ਉਸ ਵੇਖਿਆ ਉਸ ਦੇ ਸਾਹਮਣੇ ਇਕ ਪਾਗ਼ਲ ਔਰਤ ਹੱਸੀ ਜਾ ਰਹੀ ਸੀ। ਫਿਰ ਉਹ ਔਰਤ ਜੰਗਲ ਵਿਚ ਅਲੋਪ ਹੋ ਗਈ। ਸੱਚ ਨਿਸੱਚ ਪਾਸੋਂ ਉਸ ਦਿਨ ਲੱਕੜਾਂ ਨਾ ਕੱਟੀਆਂ ਗਈਆਂ। ਉਸਨੇ ਵਾਪਸ ਆ ਕੇ ਗੁਰੂ ਜੀ ਨੂੰ ਸਾਰੀ ਗੱਲ ਦੱਸੀ। ਗੁਰੂ ਜੀ ਨੇ ਕਿਹਾ, "ਇਹ ਉਹੋ ਰਾਣੀ ਹੈ ਜਿਹੜੀ ਘੁੰਡ ਕੱਢ ਕੇ ਆਈ ਸੀ।"

ਸੱਚ ਨਿਸੱਚ ਸਾਰੀ ਰਾਤ ਇਸ ਘਟਨਾ ਬਾਰੇ ਸੋਚਦਾ ਰਿਹਾ ਕਿ ਇਸ ਰਾਣੀ ਨੂੰ ਠੀਕ ਕਿਵੇਂ ਕੀਤਾ ਜਾਵੇ। ਅੰਤ ਵਿਚ ਉਸ ਨੂੰ ਆਪਣੇ ਰੋਗ ਦੀ ਘਟਨਾ ਯਾਦ ਆਈ ਕਿ ਉਹ ਗੁਰੂ ਜੀ ਦੀ ਜੁੱਤੀ ਛੁਹਾਉਣ ਨਾਲ ਹੀ ਤੰਦਰੁਸਤ ਹੋ ਗਿਆ ਸੀ। ਉਹ ਰਾਣੀ ਵੀ ਜੇ ਗੁਰੂ ਜੀ ਦੇ ਜੋੜੇ

ਨੂੰ ਛੂਹ ਲਵੇ ਤਾਂ ਠੀਕ ਹੋ ਸਕਦੀ ਹੈ। ਪਰ ਪਾਗਲ ਰਾਣੀ ਤਾਂ ਉਥੇ ਆ ਹੀ ਨਹੀਂ ਸਕਦੀ ਸੀ। ਇਸ ਲਈ ਉਸਨੇ ਗੁਰੂ ਜੀ ਪਾਸੋਂ ਉਨ੍ਹਾਂ ਦੀ ਇਕ ਖੜਾਂਵ ਮੰਗ ਲਈ। ਉਸ ਖੜਾਂਵ ਨੂੰ ਲੈ ਕੇ ਉਹ ਜੰਗਲ ਵਿਚ ਘੁੰਮਦਾ ਰਿਹਾ। ਇਕ ਥਾਂ ਅਚਣਚੇਤ ਹੀ ਉਸ ਨੂੰ ਪਾਗਲ ਰਾਣੀ ਮਿਲ ਗਈ। ਉਸਨੇ ਉਸੇ ਵੇਲੇ ਉਹ ਖੜਾਂਵ ਰਾਣੀ ਨੂੰ ਛੁਹਾ ਦਿੱਤੀ। ਖੜਾਂਵ ਛੂੰਹਦਿਆਂ ਹੀ ਰਾਣੀ ਤੰਦਰੁਸਤ ਹੋ ਗਈ। ਜਦ ਉਹ ਹੋਸ਼ ਵਿਚ ਆ ਗਈ ਤਾਂ ਸੱਚ ਨਿਸੱਚ ਦੇ ਕਹਿਣ ਤੇ ਉਹ ਉਸ ਨਾਲ ਗੋਇੰਦਵਾਲ ਆ ਗਈ। ਗੁਰੂ ਜੀ ਨੇ ਉਸਨੂੰ ਸੁੰਦਰ ਵਸਤਰਾਂ ਦੀ ਬਖ਼ਸ਼ਿਸ਼ ਕੀਤੀ ਅਤੇ ਫਿਰ ਉਸ ਦਾ ਸੱਚ ਨਿਸੱਚ ਨਾਲ ਵਿਆਹ ਕਰ ਦਿੱਤਾ। ਗੁਰੂ ਜੀ ਨੇ ਆਪਣੀ ਦੂਸਰੀ ਖੜਾਂਵ ਵੀ ਉਨ੍ਹਾਂ ਨੂੰ ਦਿੱਤੀ ਤਾਂਕਿ ਉਹ ਗ੍ਰਹਿਸਤੀ ਦਾ ਸਹੀ ਅਰਥ ਸਮਝ ਸਕਣ। ਬਾਅਦ ਵਿਚ ਗੁਰੂ ਜੀ ਨੇ ਬਾਈ ਮੰਜੀਆਂ ਵਿਚੋਂ ਇਕ ਮੰਜੀ ਸੱਚ ਨਿਸੱਚ ਨੂੰ ਬਖਸ਼ੀ।



# ਪਖੰਡੀ ਤਪੇ ਦਾ ਪਾਜ ਉਘਾੜਨਾ

ਉਨ੍ਹਾਂ ਦਿਨਾਂ ਵਿਚ ਹੀ ਗੋਇੰਦਵਾਲ ਵਿਚ ਇਕ ਹਰੀ ਰਾਮ ਨਾਮੀਂ ਤਪਾ ਰਹਿੰਦਾ ਸੀ। ਉਹ ਮਰਵਾਹਾ ਖੱਤਰੀ ਕੁੱਲ ਵਿਚੋਂ ਸੀ। ਉਹ ਆਪਣੇ ਆਪ ਨੂੰ ਵੱਡੀ ਜਾਤ ਦਾ ਸਮਝਦਾ ਸੀ। ਇਸ ਲਈ ਗੁਰੂ ਵਲੋਂ ਸਾਂਝੇ ਲੰਗਰ ਦੀ ਚਲਾਈ ਪ੍ਰਥਾ ਦਾ ਬਹੁਤ ਵਿਰੋਧ ਕਰਦਾ ਸੀ। ਉਹ ਹਰ ਵੇਲੇ ਲੋਕਾਂ ਨੂੰ ਇਹ ਪ੍ਰਚਾਰ ਕਰਦਾ ਕਿ ਗੁਰੂ ਅਮਰਦਾਸ ਜੀ ਧਰਮ ਦਾ ਨਾਸ਼ ਕਰ ਰਹੇ ਹਨ। ਹਰ ਨੀਵੀਂ ਜਾਤ ਦਾ ਬੰਦਾ ਵੀ ਲੰਗਰ ਵਿਚ ਇਕ ਦੂਜੇ ਨਾਲ ਜੁੜ ਕੇ ਰੋਟੀ ਖਾ ਸਕਦਾ ਹੈ। ਇਸ ਤਰ੍ਹਾਂ ਖੱਤਰੀਆਂ, ਬ੍ਰਾਹਮਣਾਂ ਦਾ ਧਰਮ ਭ੍ਰਿਸ਼ਟ ਹੋ ਰਿਹਾ ਹੈ। ਉਸ ਦੀ ਚੁੱਕਣਾ ਵਿਚ ਆਕੇ ਕਈ ਖੱਤਰੀ ਵੀ ਗੁਰੂ ਜੀ ਦੇ ਖਿਲਾਫ ਹੋ ਗਏ।

ਗੁਰੂ ਜੀ ਉਸ ਤਪੇ ਦੀ ਔਕਾਤ ਨੂੰ ਜਾਣਦੇ ਸਨ। ਉਨ੍ਹਾਂ ਨੇ ਇਹ ਐਲਾਨ ਕਰ ਦਿੱਤਾ ਕਿ ਜਿਹੜਾ ਉੱਚੀ ਕੁੱਲ ਦਾ ਖੱਤਰੀ ਬ੍ਰਾਹਮਣ ਸਾਂਝੇ ਲੰਗਰ ਵਿਚ ਪ੍ਰਸ਼ਾਦ ਛਕੇਗਾ ਉਸਨੂੰ ਇਕ ਰੁਪਿਆ ਬਤੌਰ ਦੱਛਣਾ ਵਜੋਂ ਦਿੱਤਾ ਜਾਵੇਗਾ। ਇਹ ਹੁਕਮ ਨਾਮਾ ਸੁਣ ਕੇ ਬਹੁਤ ਲੋਕ ਲੰਗਰ ਛਕਣ ਵਾਸਤੇ ਆਏ ਪਰ ਤਪਾ ਨਾ ਆਇਆ।

ਗੁਰੂ ਜੀ ਨੇ ਫਿਰ ਦੁਬਾਰਾ ਐਲਾਨ ਕੀਤਾ ਕਿ ਜਿਹੜਾ ਖੱਤਰੀ ਜਾਂ ਬ੍ਰਾਹਮਣ ਸਾਂਝੇ ਲੰਗਰ ਵਿਚ ਭੋਜਨ ਕਰੇਗਾ ਉਸ ਨੂੰ ਦੱਛਣਾ ਵਜੋਂ ਪੰਜ ਰੁਪਏ ਨਾਲ ਦਿੱਤੇ ਜਾਣਗੇ। ਇਸ ਵਾਰ ਵੀ ਕਈ ਉੱਚ ਜਾਤੀ ਦੇ ਬ੍ਰਾਹਮਣ, ਖੱਤਰੀ ਲੰਗਰ ਵਿਚ ਹਾਜ਼ਰ ਹੋਏ, ਪਰ ਤਪਾ ਫਿਰ ਵੀ ਨਾ ਆਇਆ। ਗੁਰੂ ਜੀ ਸਮਝ ਗਏ ਕਿ ਤਪਾ ਛੋਟੀ ਰਕਮ ਲਈ ਨਹੀਂ ਆਵੇਗਾ। ਇਸ ਲਈ ਦੱਛਣਾ ਦੀ ਰਕਮ ਵਧਾ ਕੇ ਇਕ ਮੋਹਰ ਕਰ ਦਿੱਤੀ ਗਈ। ਜਦ ਤਪੇ ਨੂੰ ਇਹ ਪੱਤਾ ਲੱਗਾ ਕਿ ਭੋਜਨ ਦੇ ਨਾਲ ਦੰਦ ਘਸਾਈ ਇਕ ਮੋਹਰ ਮਿਲ ਰਹੀ ਹੈ ਤਾਂ ਉਸ ਪਾਸੋਂ ਰਿਹਾ ਨਾ ਗਿਆ। ਉਹ ਆਪ ਤਾਂ ਜਾਣੋਂ ਡਰਦਾ ਸੀ ਪਰ ਲੰਗਰ ਦੀ ਕੰਧ ਟਪਾ ਕੇ ਉਸ ਨੇ ਆਪਣੇ ਮੁੰਡੇ ਨੂੰ ਲੰਗਰ ਵੱਲ ਭੇਜਿਆ। ਕੰਧ ਤੋਂ ਡਿਗਣ ਕਰਕੇ ਮੁੰਡੇ ਦੀ ਲੱਤ ਟੁੱਟ ਗਈ। ਸੰਗਤ ਉਸ ਨੂੰ ਚੁੱਕ ਕੇ ਪੰਗਤ ਵਿਚ ਲੈ ਗਈ। ਉਸਦੀ ਲੱਤ ਟੁੱਟ ਗਈ ਸੀ, ਪਰ ਉਹ ਚੀਕਿਆ ਨਾ, ਚੁਪ ਚਾਪ ਭੋਜਨ ਕਰਦਾ ਰਿਹਾ। ਲੰਗਰ ਖਾ ਕੇ ਇਕ ਮੋਹਰ ਲੈ ਕੇ ਲੰਗੜਾਉਂਦਾ ਹੋਇਆ ਉਹ ਆਪਣੇ ਘਰ ਨੂੰ ਚਲਾ ਗਿਆ। ਜਦ ਨਗਰ ਵਾਲਿਆਂ ਅਤੇ ਖਾਸ ਕਰਕੇ ਮਰਵਾਹੇ ਖੱਤਰੀਆਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹਨਾਂ ਤਪੇ ਦੀ ਬਹੁਤ ਬੇਇੱਜ਼ਤੀ ਕੀਤੀ। ਉਹ ਕਹਿਣ ਲਗੇ, "ਥੋੜ੍ਹੀ ਰਕਮ ਵੇਖ ਕੇ ਜਾਂਦਾ ਨਹੀਂ ਸੀ, ਪਰ ਜਦ ਇਸ ਜ਼ਿਆਦਾ ਰਕਮ ਵੇਖੀ ਤਾਂ ਇਹ ਰਹਿ ਨਾ ਸਕਿਆ। ਹੁਣ ਉਸਦੀ ਉੱਚ ਕੁੱਲ ਕਿੱਥੇ ਚਲੀ ਗਈ ਸੀ। ਇਕ ਮੋਹਰ ਪ੍ਰਾਪਤ ਕਰਨ ਲਈ ਉਸ ਆਪਣੇ ਲੜਕੇ ਦੀ ਲੱਤ ਵੀ ਤੁੜਵਾਈ।" ਸਾਰਾ ਨਗਰ ਹੀ ਤਪੇ ਦੇ ਖਿਲਾਫ ਹੋ ਗਿਆ। ਸਾਰਿਆਂ ਨੇ ਉਸ ਨੂੰ ਫਿਟਕਾਰਾਂ ਪਾਈਆਂ। ਸਾਰਿਆਂ ਨੇ ਉਸ ਨਾਲੋਂ ਆਪਣਾ ਨਾਤਾ ਹੀ ਤੋੜ ਲਿਆ। ਪਰ ਗੁਰੂ ਜੀ ਤਾਂ ਉਸ ਦਾ ਅਹੰਕਾਰ ਤੋੜਨਾ ਚਾਹੁੰਦੇ ਸਨ। ਉਹਨਾਂ ਤਪੇ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਭਾਈ ਜੀ ! ਤਪਾ ਕਹਿਲਾ ਲੈਣਾ ਬਹੁਤ ਆਸਾਨ ਹੈ ਪਰ ਤਪੇ ਵਾਲੀ ਰਹਿਤ ਰੱਖਣੀ ਬਹੁਤ ਔਖੀ ਹੈ। ਉਹੀ ਅਸਲੀ ਤਪਾ ਹੈ ਜਿਹੜਾ ਪਰਾਈ ਨਿੰਦਾ ਨਹੀਂ

ਕਰਦਾ। ਸੱਚਾ ਤਪਾ ਮਾਇਆ ਦੇ ਜਾਲ ਵਿਚ ਨਹੀਂ ਫਸਦਾ। ਤਪਾ ਉਹ ਹੀ ਹੈ ਜੋ ਸਰੀਰ ਨੂੰ ਕਿਸੇ ਪ੍ਰਕਾਰ ਦੇ ਕਸ਼ਟ ਤੋਂ ਬਗੈਰ ਸੱਚੇ ਹਿਰਦੇ ਨਾਲ ਵਾਹਿਗੁਰੂ ਦਾ ਤੱਪ ਕਰਦਾ ਹੈ। ਵਾਹਿਗੁਰੂ ਵੀ ਉਸ ਵਿਅਕਤੀ ਉਤੇ ਹੀ ਕਿਰਪਾ ਕਰਦਾ ਹੈ ਜੋ ਦੁਨਿਆਵੀ ਲੋਭ ਲਾਲਚ ਨੂੰ ਛੱਡ ਕੇ ਸੱਚੇ ਦਿਲ ਨਾਲ ਉਸ ਦੀ ਭਗਤੀ ਕਰਦਾ ਹੈ ਅਤੇ ਉਸਦੀ ਰਜ਼ਾ ਵਿਚ ਰਹਿ ਕੇ ਖੁਸ਼ ਹੁੰਦਾ ਹੈ। ਪ੍ਰਭੂ ਨੇ ਕਿਸੇ ਨੂੰ ਉੱਚੀ ਕੁੱਲ ਦਾ ਜਾਂ ਨੀਵੀਂ ਕੁੱਲ ਦਾ ਨਹੀਂ ਬਣਾਇਆ, ਮਨੁੱਖ ਆਪਣੇ ਅਮਲਾਂ ਨਾਲ ਹੀ ਵੱਡਾ ਛੋਟਾ ਬਣਦਾ ਹੈ। ਬ੍ਰਾਹਮਣ ਜਾਂ ਖੱਤਰੀ ਕੁੱਲ ਵਿਚ ਪੈਦਾ ਹੋਣ ਨਾਲ ਕੋਈ ਵੱਡਾ ਨਹੀਂ ਬਣ ਜਾਂਦਾ। ਜੇ ਬ੍ਰਾਹਮਣ ਨੀਚਤਾ ਦਾ ਕੰਮ ਕਰਦਾ ਹੈ ਤਾਂ ਉਹ ਨੀਚ ਹੀ ਬਣ ਜਾਂਦਾ ਹੈ ਅਤੇ ਜੇ ਭਗਤ ਰਵਿਦਾਸ ਜੀ ਜਾਂ ਕਬੀਰ ਜੀ ਵਾਂਗ ਜੇ ਸ਼ੂਦਰ ਵੀ ਪ੍ਰਭੂ ਭਗਤੀ ਕਰਦਾ ਹੈ ਤਾਂ ਉਹ ਸਭ ਜਾਤਾਂ ਤੋਂ ਉੱਪਰ ਹੋ ਜਾਂਦਾ ਹੈ।''

ਤਪਾ ਗੁਰੂ ਜੀ ਦੀਆਂ ਇਹ ਗੱਲਾਂ ਸੁਣ ਕੇ ਧੰਨ ਹੋ ਗਿਆ।



# ਭਾਈ ਪਾਰੋ ਜੁਲਕਾ

ਗੁਰੂ ਅਮਰਦਾਸ ਜੀ ਦੇ ਕਈ ਸ਼ਰਧਾਵਾਨ ਸਿੱਖ ਹੋਏ ਹਨ। ਅਜਿਹੇ ਸਿੱਖ ਮੀਂਹ ਹੋਵੇ ਹਨੇਰੀ ਹੋਵੇ ਜਾਂ ਹੋਰ ਕਿਸੇ ਪ੍ਰਕਾਰ ਦੀ ਰੁਕਾਵਟ ਪੇਸ਼ ਆਵੇ, ਪਰ ਗੁਰੂ ਜੀ ਦੇ ਦਰਸ਼ਨ ਕਰਨ ਰੋਜ਼ ਆਉਂਦੇ ਸਨ। ਅਜਿਹੇ ਸਿੱਖਾਂ ਵਿਚ ਭਾਈ ਪਾਰੋ ਬੜਾ ਸਿੱਦਕੀ ਸਿੱਖ ਹੋਇਆ ਹੈ। ਉਹ ਪਿੰਡ ਡੱਲਾ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਸੀ। ਪਿੰਡ ਡੱਲੇ ਤੋਂ ਗੋਇੰਦਵਾਲ ਲਈ ਉਹ ਰੋਜ਼ ਦਰਿਆ ਬਿਆਸ ਪਾਰ ਕਰਕੇ ਗੁਰੂ ਜੀ ਦੇ ਦਰਸ਼ਨ ਕਰਨ ਜਾਂਦਾ।

ਇਕ ਦਿਨ ਜਦ ਉਹ ਦਰਿਆ ਬਿਆਸ ਦੇ ਕੰਢੇ ਤੇ ਪਹੁੰਚਾ ਤਾਂ ਦਰਿਆ ਵਿਚ ਹੜ੍ਹ ਆਇਆ ਹੋਇਆ ਸੀ। ਪਾਣੀ ਬੜੀ ਭਿਆਨਕ ਰੌ ਵਿਚ ਚੱਲ ਰਿਹਾ ਸੀ। ਉਸ ਸਮੇਂ ਦਰਿਆ ਦੇ ਕੰਢੇ ਜਲੰਧਰ ਦਾ ਹਾਕਮ ਅਬਦੁੱਲਾ ਆਪਣੀਆਂ ਫੌਜਾਂ ਲੈ ਕੇ ਬੈਠਾ ਸੀ ਅਤੇ ਇਹੋ ਇੰਤਜ਼ਾਰ ਕਰ ਰਿਹਾ ਸੀ ਕਿ ਕਦ ਦਰਿਆ ਦਾ ਪਾਣੀ ਘਟੇ ਤੇ ਉਹ ਦਰਿਆ ਬਿਆਸ ਨੂੰ ਪਾਰ ਕਰਕੇ ਅੱਗੇ ਵਧੇ। ਪਰ ਉਸਨੇ ਦੇਖਿਆ ਕਿ ਭਾਈ ਪਾਰੋ ਜੁਲਕਾ ਘੋੜੇ ਤੇ ਚੜ੍ਹਿਆ ਹੋਇਆ ਆਇਆ ਤੇ ਹੜ ਦੀ ਪ੍ਰਵਾਹ ਨਾ ਕਰਦਾ ਹੋਇਆ ਗੁਰੂ ਦਾ ਨਾਂ ਲੈ ਕੇ ਦਰਿਆ ਵਿਚ ਠਿੱਲ੍ਹ ਪਿਆ ਅਤੇ ਘੋੜਾ ਪਾਣੀ ਨੂੰ ਚੀਰਦਾ ਹੋਇਆ ਪਾਰ ਹੋ ਗਿਆ। ਹਾਕਮ ਅਬਦੁੱਲਾ ਇਹ ਅਦਭੁਤ ਨਜ਼ਾਰਾ ਦੇਖਦਾ ਹੀ ਰਹਿ ਗਿਆ। ਸਾਰਾ ਦਿਨ ਬੀਤ ਗਿਆ, ਪਰ ਦਰਿਆ ਦਾ ਪਾਣੀ ਥੱਲੇ ਨਾ ਉਤਰਿਆ ਅਤੇ ਅਬਦੁੱਲਾ ਦਾ ਫ਼ੌਜਾਂ ਨੂੰ ਪਾਰ ਲੰਘਾਉਣ ਦਾ ਹੌਸਲਾ ਨਾ ਪਿਆ। ਜਦ ਸ਼ਾਮ ਹੋਈ ਤਾਂ ਭਾਈ ਪਾਰੋ ਦਰਿਆ ਪਾਰ ਕਰਕੇ ਵਾਪਸ ਫਿਰ ਉਥੇ ਪਹੁੰਚ ਗਿਆ ਜਿੱਥੇ ਅਬਦੁੱਲਾ ਆਪਣੀ ਫ਼ੌਜ ਨਾਲ ਬੈਠਾ ਇੰਤਜ਼ਾਰ ਕਰ ਰਿਹਾ ਸੀ। ਜਦ ਹਾਕਮ ਅਬਦੁੱਲਾ ਨੇ ਭਾਈ ਪਾਰੋ ਨੂੰ ਵਾਪਸ ਆਉਂਦਿਆਂ ਵੇਖਿਆ ਤਾਂ ਉਸ ਨੂੰ ਆਪਣੇ ਪਾਸ ਬੁਲਾਇਆ, "ਤੇਰਾ ਮੁਰਸ਼ਦ ਕੌਣ ਹੈ ਜਿਸਦਾ ਨਾਮ ਲੈ ਕੇ ਦਰਿਆ ਦੇ ਹੜ੍ਹ ਨੂੰ ਨਜ਼ਰ-ਅੰਦਾਜ਼ ਕਰਦਾ ਹੋਇਆ ਦਰਿਆ ਪਾਰ ਕਰ ਗਿਆ ਅਤੇ ਫਿਰ ਨੌ ਬਰ ਨੌ ਵਾਪਸ ਆ ਗਿਆ ਹੈਂ। ਤੇਰੇ ਮਨ ਵਿਚ ਕੋਈ ਖੌਫ ਜਾਂ ਭੈਅ ਨਹੀਂ ਆਇਆ।" ਭਾਈ ਪਾਰੋ ਨੇ ਉੱਤਰ ਦਿਤਾ, "ਮੇਰੇ ਮੁਰਸ਼ਦ ਮੇਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਹਨ। ਉਹ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬਿਰਾਜਮਾਨ ਹਨ। ਮੈਂ ਮੀਂਹ ਹੋਵੇ, ਹਨੇਰੀ ਹੋਵੇ ਰੋਜ਼ ਉਹਨਾਂ ਦੇ ਦਰਸ਼ਨਾਂ ਨੂੰ ਜਾਂਦਾ ਹਾਂ। ਉਨ੍ਹਾਂ ਦਾ ਧਿਆਨ ਧਾਰਨ ਨਾਲ ਸਭ ਡਰ-ਖੌਫ ਦੂਰ ਹੋ ਜਾਂਦੇ ਹਨ। ਉਹਨਾਂ ਦੀ ਬਾਣੀ ਦਾ ਪਾਠ ਕਰਦਿਆਂ ਮੈਨੂੰ ਪਤਾ ਹੀ ਨਹੀਂ ਲੱਗਦਾ ਕਿ ਕਿਹੜੇ ਵੇਲੇ ਮੈਂ ਦਰਿਆ ਪਾਰ ਕਰ ਜਾਂਦਾ ਹਾਂ।"

ਹਾਕਮ ਅਬਦੁੱਲਾ ਵਿਚੋਂ ਹਾਕਮੀ ਜਾਂਦੀ ਰਹੀ ਅਤੇ ਉਹ ਬੜੀ ਨਿਮਰਤਾ ਨਾਲ ਬੋਲਿਆ, "ਕੀ ਮੈਂ ਤੁਹਾਡੇ ਗੁਰੂ ਦੇ ਦਰਸ਼ਨ ਕਰ ਸਕਦਾ ਹਾਂ।" ਭਾਈ ਪਾਰੋ ਨੇ ਕਿਹਾ ਕਿ ਉਹ ਇਸ ਹਾਲਤ ਵਿਚ ਉਨ੍ਹਾਂ ਨੂੰ ਨਹੀਂ ਮਿਲ ਸਕਦੇ, ਪਹਿਲਾਂ ਉਨ੍ਹਾਂ ਨੂੰ ਫ਼ੌਜ ਦਾ ਤਿਆਗ ਕਰਨਾ ਪਵੇਗਾ, ਫਿਰ ਉਹ ਇਕੱਲੇ ਹੀ ਗੁਰੂ ਸਾਹਿਬ ਦੇ ਦਰਸ਼ਨ ਕਰ ਸਕਣਗੇ। ਅਬਦੁੱਲੇ ਨੇ ਉਸੇ ਵੇਲੇ ਆਪਣੀ ਫ਼ੌਜ ਦੀ ਕਮਾਂਡ ਆਪਣੇ ਪੁੱਤਰ ਨੂੰ ਸੌਂਪ ਦਿੱਤੀ ਅਤੇ ਆਪ ਇਕ ਘੋੜੇ ਤੇ ਚੜ੍ਹ ਕੇ ਭਾਈ ਪਾਰੋ ਵਾਂਗ ਬੇ-ਖੌਫ ਹੋ ਦਰਿਆ ਵਿਚ ਠਿੱਲ੍ਹ ਪਿਆ।

ਭਾਈ ਪਾਰੋ ਦੇ ਨਾਲ ਆ ਕੇ ਉਸ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਦਰਸ਼ਨ ਕਰਕੇ ਇਤਨਾਂ ਨਿਹਾਲ ਹੋਇਆ ਕਿ ਗੁਰੂ ਦਾ ਹੀ ਹੋ ਕੇ ਰਹਿ ਗਿਆ। ਗੋਇੰਦਵਾਲ ਗੁਰੂ ਦੀ ਸੇਵਾ ਵਿਚ ਰੁਝ ਗਿਆ। ਹਰ ਵੇਲੇ ਅੱਲਾ ਅੱਲਾ ਕਰਦਾ ਰਹਿੰਦਾ। ਉਸ ਦਾ ਅੱਲਾ ਨਾਲ ਏਨਾ ਪਿਆਰ ਵੇਖ ਕੇ ਲੋਕਾਂ ਨੇ ਉਸਦਾ ਨਾਂ ਹੀ ਅੱਲਾਯਾਰ ਰੱਖ ਦਿੱਤਾ। ਗੁਰੂ ਜੀ ਨੇ ਬਾਅਦ ਵਿਚ ਅੱਲਾਯਾਰ ਨੂੰ ਇਕ ਮੰਜੀ ਦੀ ਵੀ ਬਖਸ਼ਿਸ਼ ਕੀਤੀ।

ਭਾਈ ਪਾਰੋ ਦੀ ਕਰਨੀ ਵੇਖ ਕੇ ਗੁਰੂ ਜੀ ਨੇ ਉਸ ਨੂੰ ਪਰਮ-ਹੰਸ ਦੀ ਪਦਵੀ ਬਖਸ਼ੀ। ਇਕ ਵਾਰ ਗੁਰੂ ਜੀ ਭਾਈ ਪਾਰੋ ਦੀ ਭਗਤੀ 'ਤੇ ਪ੍ਰਸੰਨ ਹੋ ਕੇ ਉਸਨੂੰ ਗੁਰ-ਗੱਦੀ ਸੌਂਪਣ ਦਾ ਵੀ ਸੰਕਲਪ ਬਣਾਇਆ। ਪਰ ਭਾਈ ਪਾਰੋ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਉਹ ਇਕ ਗੁਰਸਿੱਖ ਬਣਿਆ ਰਹਿਣਾ ਹੀ ਉਚਿਤ ਸਮਝਦਾ ਹੈ।



# ਜੈਸੀ ਕਰਨੀ ਵੈਸੀ ਭਰਨੀ

ਕੁਝ ਸਮੇਂ ਵਿਚ ਹੀ ਗੋਇੰਦਵਾਲ ਸਾਹਿਬ ਇਕ ਕਾਫੀ ਵੱਡਾ ਸ਼ਹਿਰ ਬਣ ਗਿਆ ਸੀ। ਇਥੇ ਹਰ ਜਾਤ-ਬ੍ਰਾਦਰੀ ਦੇ ਲੋਕ ਆ ਕੇ ਵੱਸ ਗਏ ਸਨ। ਪਰ ਖੋਜੇ ਬ੍ਰਾਦਰੀ ਦੇ ਲੋਕ ਕੁਝ ਜ਼ਿਆਦਾ ਹੀ ਆ ਵੱਸੇ ਸਨ। ਇਹ ਲੋਕ ਸਖੀ ਸਰਵਰ ਨੂੰ ਮੰਨਦੇ ਸਨ ਅਤੇ ਉਸ ਸਮੇਂ ਇਸ ਇਲਾਕੇ ਦੇ ਆਮ ਪਿੰਡਾਂ ਵਿਚ ਸਖੀ ਸਰਵਰੀਆਂ ਦੀ ਜ਼ਿਆਦਾ ਗਿਣਤੀ ਸੀ। ਨਵਾਂ ਸ਼ਹਿਰ ਵੱਸਣ ਕਰਕੇ ਅਤੇ ਵਪਾਰ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਮੁੱਖ ਰੱਖ ਕੇ ਇਹ ਲੋਕ ਗੋਇੰਦਵਾਲ ਵਿਚ ਆ ਵੱਸੇ ਸਨ। ਜਦ ਇਨ੍ਹਾਂ ਖੋਜਿਆਂ ਵੇਖਿਆ ਕਿ ਕੁਝ ਮੁਸਲਮਾਨ ਵੀ ਸਿੱਖੀ ਤੋਂ ਪ੍ਰੇਰਤ ਹੋ ਰਹੇ ਸਨ ਤਾਂ ਇਨ੍ਹਾਂ ਨੇ ਗੁਰੂ ਦੇ ਸਿੱਖਾਂ ਨੂੰ ਤੰਗ ਕਰਨਾ ਆਰੰਭ ਕਰ ਦਿੱਤਾ। ਉਹ ਇਸ ਤੱਥ ਤੋਂ ਭਲੀ ਭਾਂਤ ਜਾਣੂ ਸਨ ਕਿ ਗੋਇੰਦਵਾਲ ਨੂੰ ਗੁਰੂ ਅਮਰਦਾਸ ਨੇ ਹੀ ਵਸਾਇਆ ਹੈ, ਪਰ ਫਿਰ ਵੀ ਉਹ ਆਪਣਾ ਦਬ-ਦਬਾਅ ਰਖਣਾ ਚਾਹੁੰਦੇ ਸਨ।

ਜਦ ਸਿੱਖਾਂ ਦੀਆਂ ਇਸਤਰੀਆਂ ਖੂਹ 'ਤੇ ਪਾਣੀ ਭਰਨ ਜਾਂਦੀਆਂ ਤਾਂ ਇਹ ਗੁਲੇਲਾਂ ਮਾਰ ਕੇ ਉਨ੍ਹਾਂ ਦੇ ਘੜੇ ਭੰਨ ਦਿੰਦੇ। ਸਿੱਖਾਂ ਨੇ ਜਦ ਗੁਰੂ ਸਾਹਿਬ ਪਾਸ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਮਸ਼ਕਾਂ ਲਿਆਉਣ ਲਈ ਕਿਹਾ। ਜਦ ਸਿੱਖ ਮਸ਼ਕਾਂ ਨਾਲ ਪਾਣੀ ਭਰਨ ਲੱਗੇ ਤਾਂ ਇਹ ਕਾਨੀਆਂ ਜਾਂ ਤੀਰ ਮਾਰ ਕੇ ਮਸ਼ਕਾਂ ਵਿਚ ਮੋਰੀ ਕਰ ਦੇਂਦੇ। ਇਸ ਤਰ੍ਹਾਂ ਇਹ ਖੋਜੇ ਹੋਰ ਭੂਤਰ ਗਏ। ਜਦ ਸਿੱਖਾਂ ਇਨ੍ਹਾਂ ਨਾਲ ਟੱਕਰ ਲੈਣ ਬਾਰੇ ਗੁਰੂ ਜੀ ਤੋਂ ਆਗਿਆ ਮੰਗੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਰੋਕ ਦਿੱਤਾ ਤੇ ਕਿਹਾ ਕਿ ਉਹ ਸਾਡੇ ਨਗਰ-ਵਾਸੀ ਹਨ ਸਾਨੂੰ ਕਿਸੇ ਨਾਲ ਲੜਨ ਦੀ ਲੋੜ ਨਹੀਂ। ਗੁਰੂ ਜੀ ਨੇ ਇਹ ਹਦਾਇਤ ਕਰ ਦਿੱਤੀ ਕਿ ਪਿੱਤਲ ਦੀਆਂ ਗਾਗਰਾਂ ਮੰਗਵਾ ਲਈਆਂ ਜਾਣ। ਜਦ ਸਿੱਖ ਗਾਗਰਾਂ ਵਿਚ ਪਾਣੀ ਲਿਆਉਣ ਲੱਗੇ ਤਾਂ ਇਹ ਵੱਟੇ ਮਾਰ ਕੇ ਗਾਗਰਾਂ ਚਿੱਬੀਆਂ ਕਰ ਦਿੰਦੇ। ਸਿੱਖ ਤੰਗ ਹੋ ਕੇ ਫਿਰ ਜਦ ਗੁਰੂ ਜੀ ਪਾਸ ਸ਼ਿਕਾਇਤ ਕਰਦੇ ਤਾਂ ਗੁਰੂ ਜੀ ਉਨ੍ਹਾਂ ਨੂੰ ਸ਼ਾਂਤ ਰਹਿਣ ਲਈ ਕਹਿੰਦੇ। ਕਈ ਵਾਰ ਉਹ ਇਹ ਵੀ ਕਹਿ ਦਿੰਦੇ, "ਜੈਸਾ ਕੋਈ ਕਰੇਗਾ ਵੈਸਾ ਹੀ ਭਰੇਗਾ।"

ਕਰਨੀ ਵਾਹਿਗੁਰੂ ਦੀ ਐਸੀ ਹੋਈ ਕਿ ਇਕ ਸੰਨਿਆਸੀਆਂ ਦੀ ਟੋਲੀ ਗੋਇੰਦਵਾਲ ਆ ਗਈ। ਖੋਜਿਆਂ ਨੇ ਉਨ੍ਹਾਂ ਨਾਲ ਵੀ ਛੇੜਖਾਨੀ ਕੀਤੀ। ਸੰਨਿਆਸੀਆਂ ਦੀ ਗਿਣਤੀ ਕਾਫ਼ੀ ਸੀ। ਉਨ੍ਹਾਂ ਨੇ ਆਪਣੇ ਡੰਡੇ ਕੱਢ ਲਏ ਤੇ ਖੋਜਿਆਂ ਨੂੰ ਏਨਾ ਕੁੱਟਿਆ ਕਿ ਕਈਆਂ ਦੇ ਲੱਤਾਂ ਗੋਡੇ ਟੁੱਟ ਗਏ ਤੇ ਕਈ ਆਪਣੀ ਜਾਨ ਹੀ ਗਵਾ ਬੈਠੇ। ਨਗਰ ਵਿਚ ਬਿਲਕੁਲ ਸ਼ਾਂਤੀ ਹੋ ਗਈ ਪਰ ਖੋਜੇ ਕੁਝ ਸਮੇਂ ਬਾਅਦ ਫਿਰ ਇਲਤਾਂ ਕਰਨ ਲੱਗੇ। ਉਨ੍ਹਾਂ ਦਿਨਾਂ ਵਿਚ ਲਾਹੌਰ ਤੋਂ ਸ਼ਾਹੀ ਖਜ਼ਾਨਾ ਖੱਚਰਾਂ ਰਾਹੀਂ ਦਿੱਲੀ ਜਾ ਰਿਹਾ ਸੀ। ਰਾਤ ਨੂੰ ਖਜ਼ਾਨੇ ਦੇ ਰਖਵਾਲਿਆਂ ਨੇ ਗੋਇੰਦਵਾਲ ਠਹਿਰਨਾ ਹੀ ਯੋਗ ਸਮਝਿਆ। ਇਸ ਲਈ ਏਥੇ ਹੀ ਉਹ ਇਕ ਸਰਾਂ ਵਿਚ ਠਹਿਰ ਗਏ। ਸ਼ਾਮ ਨੂੰ ਬਹੁਤ ਜ਼ੋਰ ਦੀ ਹਨੇਰੀ ਅਤੇ ਝੱਖੜ ਆਇਆ ਜਿਸ ਕਰਕੇ ਉਨ੍ਹਾਂ ਦੀ ਖਜ਼ਾਨੇ ਨਾਲ ਲੱਦੀ ਲਦਾਈ ਇਕ ਖੱਚਰ ਗੁੰਮ ਹੋ ਗਈ। ਜਦ ਸਵੇਰੇ ਉਠ ਕੇ ਉਹਨਾਂ ਖੱਚਰਾਂ

ਦੀ ਗਿਣਤੀ ਕੀਤੀ ਤਾਂ ਇਕ ਖੱਚਰ ਘੱਟ ਸੀ। ਸ਼ਾਹੀ ਖਜ਼ਾਨੇ ਦੇ ਇੰਚਾਰਜ ਨੂੰ ਫਿਕਰ ਪੈ ਗਿਆ। ਉਸਨੇ ਆਪਣੇ ਸਿਪਾਹੀ ਨਗਰ ਦੇ ਚਾਰ ਚੁਫੇਰੇ ਦੌੜਾਏ, ਪਰ ਕੋਈ ਪਤਾ ਨਾ ਲੱਗਾ। ਅੰਤ ਵਿਚ ਕੁਝ ਸਮੇਂ ਬਾਅਦ ਗੁੰਮ ਹੋਈ ਖੱਚਰ ਆਪਣੇ ਆਪ ਹੀ ਹਿਣਕ ਪਈ। ਖੱਚਰ ਦੀ ਹਿਣਕ ਸੁਣ ਕੇ ਸਿਪਾਹੀ ਉਸ ਪਾਸੇ ਵੱਲ ਭੱਜੇ। ਅਖ਼ੀਰ ਖੋਜਿਆਂ ਦੇ ਇਕ ਘਰ ਵਿਚੋਂ ਉਹਨਾਂ ਨੂੰ ਖੱਚਰ ਮਿਲ ਗਈ। ਖਜ਼ਾਨੇ ਦੇ ਇੰਚਾਰਜ ਨੇ ਸਾਰੇ ਖੋਜਿਆਂ ਨੂੰ ਬੁਲਾ ਲਿਆ। ਉਨ੍ਹਾਂ ਨੇ ਕੁਝ ਨੂੰ ਤਾਂ ਉਥੇ ਹੀ ਮਾਰ ਦਿੱਤਾ ਤੇ ਬਾਕੀਆਂ ਨੂੰ ਬੰਨ੍ਹ ਕੇ ਦਿੱਲੀ ਲੈ ਗਏ।

ਜਿਹੜੇ ਖੋਜੇ ਗੋਇੰਦਵਾਲ ਵਿਚ ਬਚੇ ਉਹ ਨਗਰ ਛੱਡ ਕੇ ਚਲੇ ਗਏ। ਇਸ ਤਰ੍ਹਾਂ ਸ਼ਹਿਰ ਵਿਚੋਂ ਖੋਜਿਆਂ ਦਾ ਸਫਾਇਆ ਹੋ ਗਿਆ ਤੇ ਗੁਰੂ ਜੀ ਵਲੋਂ ਕਿਹਾ ਕਥਨ ਕਿ 'ਜੈਸੀ ਕਰਨੀ ਵੈਸੀ ਭਰਨੀ' ਪੂਰਾ ਹੋਇਆ।



# ਸੰਨ੍ਹ ਲਾ ਕੇ ਗੁਰੂ ਜੀ ਦੇ ਦਰਸ਼ਨ ਕਰਨੇ

ਗੁਰੂ ਅਮਰਦਾਸ ਜੀ ਦੀ ਉਪਮਾ ਏਨੀ ਵੱਧ ਗਈ ਕਿ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਰੋਜ਼ ਦਰਸ਼ਨਾਂ ਨੂੰ ਆਉਂਦੀ। ਪਰ ਇਸ ਸਭ ਕੁਝ ਨੂੰ ਗੁਰੂ ਅੰਗਦ ਦੇਵ ਜੀ ਦਾ ਛੋਟੇ ਪੁੱਤਰ ਦਾਤੂ ਜੀ ਬਰਦਾਸ਼ਤ ਨਹੀਂ ਸੀ ਕਰ ਰਹੇ।

ਬ੍ਰਾਹਮਣਾਂ ਦੇ ਆਖੇ ਲੱਗ, ਬਾਬਾ ਦਾਤੂ ਇਕ ਦਿਨ ਕੁਝ ਬ੍ਰਾਹਮਣਾਂ ਨੂੰ ਨਾਲ ਲੈਕੇ ਘੋੜੇ ਤੇ ਚੜ੍ਹਕੇ ਗੋਇੰਦਵਾਲ ਆਇਆ। ਉਸ ਸਮੇਂ ਗੁਰੂ ਜੀ ਦਾ ਦੀਵਾਨ ਲੱਗਾ ਹੋਇਆ ਸੀ ਅਤੇ ਸੈਂਕੜੇ ਸੰਗਤਾਂ ਹਾਜ਼ਰੀ ਭਰ ਰਹੀਆਂ ਸਨ। ਬਾਬਾ ਦਾਤੂ ਨੇ ਜਦ ਗੁਰੂ ਸਾਹਿਬ ਦਾ ਇਹ ਜਲੌ ਵੇਖਿਆ ਤਾਂ ਉਹ ਸੜ-ਭੁੱਜ ਗਿਆ। ਉਹ ਘੋੜੇ ਤੋਂ ਉਤਰਿਆ ਤੇ ਸਿੱਧਾ ਗੁਰੂ ਜੀ ਵੱਲ ਗਿਆ। ਉਸਨੇ ਗੁੱਸੇ ਵਿਚ ਆ ਕੇ ਇਕ ਲੱਤ ਗੁਰੂ ਜੀ ਦੇ ਮਾਰੀ। ਗੁਰੂ ਜੀ ਤਖ਼ਤ ਤੋਂ ਹੇਠਾਂ ਡਿੱਗ ਪਏਅਤੇ ਬਾਬਾ ਦਾਤੂ ਜੀ ਆਪ ਤਖ਼ਤ 'ਤੇ ਬੈਠ ਗਏ। ਫੇਰ ਗੁਰੂ ਜੀ ਨੇ ਉਸ ਵੱਲ ਤੱਕ ਕੇ ਕਿਹਾ, "ਤੁਸੀਂ ਅਜਿਹੀ ਖੇਚਲ ਕਿਉਂ ਕੀਤੀ ? ਕਿਤੇ ਤੁਹਾਡੇ ਪੈਰ ਨੂੰ ਸੱਟ ਤਾਂ ਨਹੀਂ ਲਗੀ ? ਮੇਰਾ ਸਰੀਰ ਤਾਂ ਸੇਵਾ ਕਰਦਿਆਂ ਕਰਦਿਆਂ ਹੱਡੀਆਂ ਹੀ ਰਹਿ ਗਿਆ ਹੈ ਅਤੇ ਸਖ਼ਤ ਹੋ ਗਿਆ ਹੈ।"

ਪਰ ਬਾਬਾ ਦਾਤੂ ਨੂੰ ਇਸ ਬਾਰੇ ਕੋਈ ਪਛਤਾਵਾ ਨਾ ਹੋਇਆ। ਉਸ ਕਈ ਪ੍ਰਕਾਰ ਦੇ ਬੋਲ ਕਬੋਲ ਬੋਲੇ। ਗੁਰੂ ਜੀ ਉੱਠ ਕੇ ਆਪਣੇ ਚੁਬਾਰੇ ਵਿਚ ਚਲੇ ਗਏ। ਜਾਣ ਲੱਗੇ ਉਹ ਸੰਗਤਾਂ ਨੂੰ ਸ਼ਾਂਤ ਰਹਿਣ ਲਈ ਕਹਿ ਗਏ। ਪਰ ਕੁਝ ਸਮੇਂ ਬਾਅਦ ਹੀ ਬਾਬਾ ਦਾਤੂ ਨੇ ਦੇਖਿਆ ਕਿ ਉਸ ਸਾਹਮਣੇ ਕੋਈ ਸਿੱਖ ਵੀ ਮੌਜੂਦ ਨਹੀਂ ਸੀ। ਕ੍ਰੋਧ ਵਿਚ ਆ ਕੇ ਉਸ ਸਾਰਾ ਚੜ੍ਹਾਵਾ ਸਾਂਭ ਲਿਆ ਅਤੇ ਕੀਮਤੀ ਸਾਮਾਨ ਲੁੱਟ ਲਿਆ। ਇਹ ਸਭ ਕੁਝ ਸੰਭਾਲ ਕੇ ਉਹ ਖਡੂਰ ਸਾਹਿਬ ਨੂੰ ਚਲਾ ਗਿਆ। ਗੁਰੂ ਅਮਰਦਾਸ ਜੀ ਅਗਲੇ ਦਿਨ ਸਵੱਖਤੇ ਉੱਠੇ ਅਤੇ ਘੋੜੀ ਉਤੇ ਬੈਠ ਕੇ ਬਾਸਰਕੇ ਚਲੇ ਗਏ। ਉਥੇ ਜਾ ਕੇ ਉਹ ਪਿੰਡ ਤੋਂ ਬਾਹਰ ਇਕਾਂਤ ਵਿਚ ਬਣੇ ਇਕ ਕੋਠੇ ਵਿਚ ਬਿਰਾਜ ਗਏ। ਦਰਵਾਜ਼ੇ ਉਤੇ ਉਨ੍ਹਾਂ ਲਿੱਖ ਦਿੱਤਾ ਕਿ ਜੇ ਕੋਈ ਇਸ ਦਰਵਾਜ਼ੇ ਰਾਹੀਂ ਅੰਦਰ ਆਵੇਗਾ ਤਾਂ 'ਨਾ ਉਹ ਮੇਰਾ ਸਿੱਖ ਹੋਵੇਗਾ ਨਾ ਹੀ ਮੈਂ ਉਸਦਾ ਗੁਰੂ।"

ਗੋਇੰਦਵਾਲ ਜਦ ਸਵੇਰੇ ਭਾਈ ਬਲੂ ਇਸ਼ਨਾਨ ਕਰਵਾਉਣ ਲਈ ਸੇਵਾ ਵਾਸਤੇ ਗਏ ਤਾਂ ਉਨ੍ਹਾਂ ਵੇਖਿਆ ਕਿ ਗੁਰੂ ਜੀ ਚੁਬਾਰੇ ਵਿਚ ਨਹੀਂ ਸਨ। ਤਬੇਲੇ ਵਿਚ ਜਦ ਉਨ੍ਹਾਂ ਦੇਖਿਆ ਤਾਂ ਉਨ੍ਹਾਂ ਦੀ ਘੋੜੀ ਵੀ ਗ਼ਾਇਬ ਸੀ। ਜਦ ਬਾਕੀ ਸਿੱਖ-ਸੰਗਤਾਂ ਨੂੰ ਪੱਤਾ ਲੱਗਾ ਤਾਂ ਸਾਰੇ ਬਹੁਤ ਬੇਚੈਨ ਹੋ ਗਏ। ਇਸ ਸਭ ਕੁਝ ਦਾ ਜ਼ਿੰਮੇਵਾਰ ਉਹ ਬਾਬਾ ਦਾਤੂ ਨੂੰ ਸਮਝਦੇ ਸਨ। ਇਸ ਲਈ ਸਾਰੇ ਬਾਬਾ ਦਾਤੂ ਨੂੰ ਬਦ-ਅਸੀਸਾਂ ਦੇਣ ਲੱਗੇ। ਬਾਬਾ ਦਾਤੂ ਵੀ ਜਦ ਗੁਰੂ ਘਰ ਦਾ ਕੀਮਤੀ ਮਾਲ ਲੁੱਟ ਕੇ ਖਡੂਰ ਸਾਹਿਬ ਨੂੰ ਜਾ ਰਿਹਾ ਸੀ ਤਾਂ ਰਸਤੇ ਵਿਚ ਉਨ੍ਹਾਂ ਨੂੰ ਡਾਕੂਆਂ ਨੇ ਆ ਘੇਰਿਆ। ਉਨ੍ਹਾਂ ਉਸ ਦਾ ਸਾਰਾ ਮਾਲ ਲੁੱਟ ਲਿਆ ਅਤੇ ਉਸ ਦੀ ਸੱਜੀ ਲੱਤ 'ਤੇ ਐਸੀ ਡਾਂਗ ਮਾਰੀ ਕਿ ਉਸ ਦੇ ਪੈਰ ਦੀ ਹੱਡੀ ਹੀ ਟੁੱਟ ਗਈ ਅਤੇ ਉਹ ਕੁਰਲਾਉਂਦਾ ਹੋਇਆ ਘਰ ਪੁੱਜਿਆ। ਇਧਰ ਗੋਇੰਦਵਾਲ ਵਿਚ ਜਦ ਸੰਗਤਾਂ ਨੂੰ ਗੁਰੂ ਦੇ ਦਰਸ਼ਨ ਨਾ ਹੋਏ ਤਾਂ ਗੁਰੂ ਦੀ ਭਾਲ ਕਰਨ ਲਈ ਉਹ ਬਾਬਾ ਬੁੱਢਾ ਜੀ ਪਾਸ ਗਏ। ਬਾਬਾ ਬੁੱਢਾ ਜੀ ਗੋਇੰਦਵਾਲ ਆ ਗਏ।

ਸੰਗਤਾਂ ਨੂੰ ਤਸੱਲੀ ਹੋਈ ਕਿਉਂਕਿ ਉਹ ਜਾਣਦੇ ਸਨ ਬਾਬਾ ਬੁੱਢਾ ਜੀ ਨੂੰ ਇਹ ਵਰ ਮਿਲਿਆ ਸੀ ਕਿ 'ਕਦੀ ਤੁਸਾਂ ਤੋਂ ਉਹਲੇ ਨਾ ਹੋਸਾਂ।'

ਬਾਬਾ ਬੁੱਢਾ ਜੀ ਨੇ ਸੰਗਤ ਤੋਂ ਆ ਕੇ ਪੁਛਿਆ ਕਿ ਘੋੜੀ ਕਿਥੇ ਹੈ ਜਿਸ ਉੱਪਰ ਗੁਰੂ ਜੀ ਚੜ੍ਹ ਕੇ ਗਏ ਸਨ। ਸਿੱਖਾਂ ਉਸ ਘੋੜੀ ਨੂੰ ਲਿਆ ਹਾਜ਼ਰ ਕੀਤਾ। ਬਾਬਾ ਬੁੱਢਾ ਜੀ ਨੇ ਉਸ ਘੋੜੀ ਨੂੰ ਛੱਡ ਦੇਣ ਲਈ ਕਿਹਾ। ਘੋੜੀ ਅੱਗੇ ਅੱਗੇ ਚਲ ਪਈ ਅਤੇ ਪਿਛੇ ਪਿਛੇ ਬਾਬਾ ਬੁੱਢਾ ਜੀ ਦੇ ਨਾਲ ਚੋਣਵੇਂ ਸ਼ਰਧਾਲੂ ਸਿੱਖ ਚੱਲ ਪਏ। ਘੋੜੀ ਪਿੰਡ ਬਾਸਰਕੇ ਦੇ ਬਾਹਰ ਇਕ ਕੋਠੇ ਦੇ ਸਾਹਮਣੇ ਜਾ ਰੁਕੀ। ਜਦ ਸਿੱਖ ਦਰਵਾਜ਼ੇ ਵੱਲ ਵਧੇ ਅਤੇ ਉਸ ਉਤੇ ਲਿਖੇ ਸ਼ਬਦ ਪੜ੍ਹੇ ਤਾਂ ਸਾਰੇ ਉਦਾਸ ਚਿੱਤ ਹੋ ਪਿਛਾਂਹ ਹੱਟ ਗਏ। ਪਰ ਬਾਬਾ ਬੁੱਢਾ ਜੀ ਨੇ ਕਿਹਾ, "ਉਦਾਸ ਹੋਣ ਦੀ ਕੋਈ ਗੱਲ ਨਹੀਂ ਕੋਠੇ ਦੇ ਪਿਛੋਂ ਦੀ ਸੰਨ੍ਹ ਲਾਵੋ।" ਝਟ ਹੀ ਸਾਰੀ ਸੰਗਤ ਇਸ ਕਾਰਜ ਵਿਚ ਰੁੱਝ ਗਈ। ਰਾਹ ਬਣ ਜਾਣ ਉਤੇ ਅੰਦਰ ਲੰਘ ਗਏ। ਗੁਰੂ ਜੀ ਉਸ ਸਮੇਂ ਸਮਾਧੀ ਵਿਚ ਬੈਠੇ ਸਨ। ਸਮਾਧੀ ਖੁੱਲ੍ਹਣ ਤੇ ਸਭ ਨੇ ਮੱਥਾ ਟੇਕਿਆ। ਗੁਰੂ ਜੀ ਨੇ ਨਾਰਾਜ਼ ਹੋ ਕੇ ਕਿਹਾ ਕਿ ਤੁਸੀਂ ਮੇਰੇ ਹੁਕਮ ਦੀ ਉਲੰਘਣਾ ਕੀਤੀ ਹੈ, ਪਰ ਬਾਬਾ ਬੁੱਢਾ ਜੀ ਨੇ ਕਿਹਾ, "ਅਸੀਂ ਹੁਕਮ ਦੀ ਉਲੰਘਣਾ ਨਹੀਂ ਕੀਤੀ, ਪਿਛੋਂ ਦੀ ਆਏ ਹਾਂ।" ਫਿਰ ਬਾਬਾ ਬੁੱਢਾ ਜੀ ਨੇ ਗੁਰੂ ਜੀ ਨੂੰ ਗੋਇੰਦਵਾਲ ਵਾਪਸ ਜਾਣ ਦੀ ਬੇਨਤੀ ਕੀਤੀ। ਗੁਰੂ ਜੀ ਨੂੰ ਉਨ੍ਹਾਂ ਦੀ ਆਪਣੀ ਘੋੜੀ ਉਤੇ ਚੜ੍ਹਾ ਕੇ ਉਹ ਵਾਪਸ ਗੋਇੰਦਵਾਲ ਲੈ ਆਏ।



# ਬਾਉਲੀ ਦੀ ਉਸਾਰੀ

ਬਾਬਾ ਬੁੱਢਾ ਜੀ ਜਦ ਗੁਰੂ ਸਾਹਿਬ ਨੂੰ ਉਨ੍ਹਾਂ ਦੀ ਘੋੜੀ ਉਪਰ ਚੜ੍ਹਾਕੇ ਵਾਪਸ ਗੋਇੰਦਵਾਲ ਸਾਹਿਬ ਲੈ ਆਏ ਤਾਂ ਸਿੱਖ ਸੰਗਤਾਂ ਹੁਮ ਹੁਮਾ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਈਆਂ। ਗੁਰੂ ਜੀ ਦੇ ਆ ਜਾਣ ਕਾਰਣ ਦਰਬਾਰ ਦੀਆਂ ਰੌਣਕਾਂ ਹੋਰ ਵੀ ਵੱਧ ਗਈਆਂ। ਇਨ੍ਹਾਂ ਦਿਨਾਂ ਵਿਚ ਸੰਨ 1552 ਵਿਚ ਬੀਬੀ ਭਾਨੀ ਦਾ ਵਿਆਹ ਵੀ ਕਰ ਦਿੱਤਾ ਗਿਆ। ਬੀਬੀ ਭਾਨੀ ਜੀ ਦੇ ਵਿਆਹ ਬਾਰੇ ਇਕ ਸਾਖੀ ਪ੍ਰਚਲਤ ਹੈ। ਇਕ ਦਿਨ ਮਾਤਾ ਮਨਸਾ ਦੇਵੀ ਜੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ ਭਾਨੀ ਹੁਣ ਵੱਡੀ ਹੋ ਗਈ ਹੈ ਇਸ ਲਈ ਉਸ ਦੇ ਵਿਆਹ ਬਾਰੇ ਕੋਈ ਵਿਚਾਰ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਪੁੱਛਿਆ ਕਿ ਲੜਕਾ ਕਿਹੋ ਜਿਹਾ ਹੋਣਾ ਚਾਹੀਦਾ ਹੈ ਤਾਂ ਮਾਤਾ ਜੀ ਸਹਿਜ ਸੁਭਾਅ ਕਹਿ ਦਿੱਤਾ, "ਉਸ ਵਰਗਾ ਜੋ ਸਦਾ ਸੇਵਾ ਵਿਚ ਲੱਗਾ ਰਹਿੰਦਾ ਹੈ" ਗੁਰੂ ਜੀ ਨੇ ਕਿਹਾ, "ਫਿਰ ਉਸ ਵਰਗਾ ਤਾਂ ਉਹ ਹੀ ਹੈ।"

ਭਾਈ ਜੇਠਾ ਜੀ ਨੂੰ ਗੁਰੂ ਅਮਰਦਾਸ ਜੀ ਬਹੁਤ ਪਿਆਰ ਕਰਦੇ ਸਨ। ਉਹ ਹਰ ਸਮੇਂ ਸੇਵਾ ਵਿਚ ਜੁੱਟੇ ਰਹਿੰਦੇ ਹਨ। ਉਹਨਾਂ ਦੀ ਨਿਸ਼ਕਾਮ ਸੇਵਾ ਵੇਖ ਕੇ ਗੁਰੂ ਸਾਹਿਬ ਨੇ ਇਹ ਮਨ ਬਣਾ ਲਿਆ ਕਿ ਬੀਬੀ ਭਾਨੀ ਦਾ ਵਿਆਹ ਉਸ ਨਾਲ ਕਰ ਦਿੱਤਾ ਜਾਵੇ। ਮਾਤਾ ਮਨਸਾ ਦੇਵੀ ਪਾਸੋਂ ਵੀ ਉਸ ਵਰਗੇ ਵਰ ਬਾਰੇ ਕਹਿਣ ਤੋਂ ਇਹ ਸਪੱਸ਼ਟ ਹੋ ਗਿਆ ਕਿ ਮਾਤਾ ਮਨਸਾ ਦੇਵੀ ਨੂੰ ਵੀ ਭਾਈ ਜੇਠਾ ਜੀ ਨਾਲ ਬੀਬੀ ਭਾਨੀ ਦਾ ਵਿਆਹ ਕਰਨ ਵਿਚ ਕੋਈ ਇਤਰਾਜ਼ ਨਹੀਂ ਸੀ। ਬੀਬੀ ਭਾਨੀ ਵੀ ਸੇਵਾ ਦੇ ਪੁੰਜ ਸਨ। ਉਹ ਗੁਰੂ ਜੀ ਦੀ ਪਿਤਾ ਕਰਕੇ ਨਹੀਂ ਸਗੋਂ ਗੁਰੂ ਜਾਣ ਕੇ ਸੇਵਾ ਕਰਦੀ ਸੀ। ਦੋਹਾਂ ਦਾ ਵਿਆਹ ਹੋਣ ਨਾਲ ਇਕ ਅਨੂਪਮ ਜੋੜੀ ਬਣੀ। ਭਾਈ ਜੇਠਾ ਜੀ ਨੂੰ ਬਾਅਦ ਵਿਚ ਗੁਰਗੱਦੀ ਦੀ ਵੀ ਸੌਂਪਣਾ ਹੋਈ ਅਤੇ ਗੁਰੂ ਰਾਮਦਾਸ ਦੇ ਨਾਂ ਹੇਠ ਚੌਥੇ ਸੱਚੇ ਪਾਤਸ਼ਾਹ ਬਣੇ। ਸਿੱਖ-ਇਤਿਹਾਸ ਵਿਚ ਬੀਬੀ ਭਾਨੀ ਇਕ ਅਜਿਹੇ ਵਿਅਕਤੀ ਹਨ ਜਿਹੜੇ ਗੁਰੂ-ਪੁਤਰੀ ਵੀ ਸਨ, ਗੁਰੂ-ਪਤਨੀ ਵੀ ਹੋਏ ਅਤੇ ਗੁਰੂ-ਜਨਣੀ ਵੀ ਬਣੇ।

ਬੀਬੀ ਭਾਨੀ ਦਾ ਵਿਆਹ ਹੋ ਜਾਣ ਤੋਂ ਬਾਅਦ ਵੀ ਭਾਈ ਜੇਠਾ ਉਸੇ ਲਗਨ ਨਾਲ ਸੇਵਾ ਕਰਦੇ ਰਹੇ। ਇਨ੍ਹਾਂ ਦਿਨਾਂ ਵਿਚ ਗੁਰੂ ਅਮਰਦਾਸ ਜੀ ਨੇ ਇਹ ਵਿਚਾਰ ਬਣਾਇਆ ਕਿ ਕੋਈ ਐਸਾ ਅਸਥਾਨ ਉਸਾਰਿਆ ਜਾਵੇ ਜਿਥੇ ਹਰ ਸਾਲ ਸਿੱਖ-ਸੰਗਤਾਂ ਇਕੱਠੀਆਂ ਹੋਇਆ ਕਰਨ ਅਤੇ ਸਿੱਖੀ ਦੇ ਪ੍ਰਚਾਰ ਵਿਚ ਵੀ ਸਹੂਲਤ ਹੋ ਜਾਵੇ।

ਉਨ੍ਹਾਂ ਨੇ ਇਕ ਬਾਉਲੀ ਉਸਾਰਨ ਦੀ ਤਜਵੀਜ਼ ਰੱਖੀ। ਸਭ ਸੰਗਤਾਂ ਨੇ ਇਸ ਨੂੰ ਪ੍ਰਵਾਨ ਕਰ ਲਿਆ। ਬਾਬਾ ਬੁੱਢਾ ਜੀ ਨੇ ਕਹੀ ਨਾਲ ਟੱਕ ਲਾਇਆ ਅਤੇ ਬਾਉਲੀ ਦੀ ਖੁਦਾਈ ਸ਼ੁਰੂ ਹੋ ਗਈ। ਕੁਝ ਸਮੇਂ ਵਿਚ ਹੀ ਬਾਉਲੀ ਤਿਆਰ ਹੋ ਗਈ। ਇਸ ਬਾਉਲੀ ਵਿਚ ਉਤਰਨ ਲਈ 84 ਪੌੜੀਆਂ ਬਣਾਈਆਂ ਗਈਆਂ। ਇਹ ਚੌਰਾਸੀ ਪੌੜੀਆਂ ਚੌਰਾਸੀ ਲੱਖ ਜੂਨਾਂ ਨੂੰ ਦਰਸਾਉਂਦੀਆਂ ਹਨ। ਗੁਰੂ ਜੀ ਦਾ ਇਹ ਉਪਦੇਸ਼ ਸੀ ਕਿ ਜਿਹੜਾ ਵਿਅਕਤੀ ਇਹਨਾਂ 84 ਪੌੜੀਆਂ ਉੱਤੇ ਵਾਰੀ ਵਾਰੀ ਜਪੁ ਜੀ ਸਾਹਿਬ ਦਾ ਪਾਠ ਕਰੇ ਅਤੇ ਹਰ ਪਾਠ ਪਿਛੋਂ ਬਾਉਲੀ ਵਿਚ ਇਸ਼ਨਾਨ ਕਰੇ ਉਸ ਦੀ ਚੌਰਾਸੀ ਕੱਟੀ ਜਾਵੇਗੀ ਅਤੇ ਉਹ ਸੰਸਾਰਕ ਭਵ-ਸਾਗਰ ਨੂੰ

ਪਾਰ ਕਰ ਜਾਵੇਗਾ।

ਬਾਉਲੀ ਦਾ ਕੰਮ ਹੋ ਜਾਣ ਪਿਛੋਂ ਇਹ ਵੇਖਿਆ ਗਿਆ ਕਿ ਜਲ ਉਪਰ ਨਹੀਂ ਸੀ ਆ ਰਿਹਾ। ਪਾਣੀ ਦੇ ਰਾਹ ਵਿਚ ਇਕ ਬਹੁਤ ਵੱਡੀ ਚਟਾਨ ਸੀ। ਉਸ ਚਟਾਨ ਨੂੰ ਤੋੜੇ ਬਗੈਰ ਪਾਣੀ ਉਪਰ ਨਹੀਂ ਸੀ ਆਉਂਦਾ। ਗੁਰੂ ਜੀ ਨੇ ਉਸੇ ਵੇਲੇ ਲਾਗੇ ਖੜੇ ਮਾਣਕ ਚੰਦ ਨੂੰ ਬੁਲਾਇਆ ਅਤੇ ਆਪਣੇ ਵਲੋਂ ਹਥੌੜਾ ਫੜਾ ਕੇ ਕਹਿਣ ਲੱਗੇ, "ਆ ਫੜ ਹਥੌੜਾ ਅਤੇ ਸਾਰੇ ਜ਼ੋਰ ਨਾਲ ਚਟਾਨ 'ਤੇ ਮਾਰ, ਕੜ ਟੁੱਟ ਜਾਵੇਗਾ।" ਗੁਰੂ ਜੀ ਦੀ ਆਗਿਆ ਮੰਨ ਕੇ ਮਾਣਕ ਚੰਦ ਬਾਉਲੀ ਵਿਚ ਉਤਰਿਆ। ਉਸ ਚਟਾਨ ਉਤੇ ਇਕ ਐਸਾ ਵਾਰ ਕੀਤਾ ਕਿ ਕੜ ਟੁੱਟ ਗਿਆ ਅਤੇ ਪਾਣੀ ਤੇਜ਼ ਫੁਹਾਰੇ ਵਾਂਗ ਉੱਪਰ ਆ ਗਿਆ। ਵੇਖਦਿਆਂ ਵੇਖਦਿਆਂ ਖੂਹ ਭਰ ਗਿਆ ਅਤੇ ਮਾਣਕ ਚੰਦ ਵਿਚ ਡੁੱਬ ਗਿਆ। ਪਰ ਗੁਰੂ ਦੀ ਕਿਰਪਾ ਨਾਲ ਉਹ ਉੱਪਰ ਆ ਗਿਆ ਅਤੇ ਪੌੜੀਆਂ ਚੜ੍ਹ ਕੇ ਬਾਹਰ ਨਿਕਲ ਆਇਆ।



# ਪ੍ਰੇਮਾ ਕੋੜ੍ਹੀ

ਪਿੰਡ ਖਾਰੀ ਜ਼ਿਲ੍ਹਾ ਲਾਹੌਰ ਦਾ ਰਹਿਣ ਵਾਲਾ ਇਕ ਪ੍ਰੇਮਾ ਨਾਂ ਦਾ ਅਨਾਥ ਬੱਚਾ ਸੀ। ਅਨਾਥ ਹੋਣ ਕਰਕੇ ਭੈੜੀ ਸੰਗਤ ਵਿਚ ਪੈ ਗਿਆ। ਉਸ ਕਈ ਪ੍ਰਕਾਰ ਦੇ ਅਯੋਗ ਕੰਮ ਕੀਤੇ ਤੇ ਉਸ ਨੂੰ ਕੋੜ੍ਹ ਹੋ ਗਿਆ। ਕੋੜ੍ਹ ਹੋਣ ਕਰਕੇ ਉਸ ਦੇ ਯਾਰਾਂ, ਦੋਸਤਾਂ ਨੇ ਉਸ ਨੂੰ ਛੇਕ ਦਿੱਤਾ। ਵਿਚਾਰਾ ਭੁੱਖਾ ਮਰਨ ਲੱਗਾ। ਉਸਨੂੰ ਛੂਹਣ ਤੋਂ ਵੀ ਹਰ ਕੋਈ ਡਰਦਾ ਸੀ। ਇਸ ਲਈ ਜੇ ਕਿਸੇ ਨੂੰ ਤਰਸ ਵੀ ਆਉਂਦਾ ਤਾਂ ਰੋਟੀ ਦੂਰੋਂ ਹੀ ਸੁੱਟ ਜਾਂਦਾ। ਇਕ ਵਾਰ ਇਕ ਸਖੀ ਦਿਲ ਵਿਅਕਤੀ ਨੂੰ ਉਸ ਤੇ ਦਇਆ ਆਈ ਅਤੇ ਉਸ ਨੇ ਉਹਦੇ ਗਲ ਵਿਚ ਇਕ ਮਿੱਟੀ ਦੀ ਟਿੰਡ ਲਟਕਾ ਦਿੱਤੀ। ਹੁਣ ਲੋਕ ਉਸਦੀ ਟਿੰਡ ਵਿਚ ਰੋਟੀ ਪਾ ਦਿੰਦੇ। ਇਸ ਤਰ੍ਹਾਂ ਸਮਾਂ ਬਤੀਤ ਹੁੰਦਾ ਗਿਆ। ਇਕ ਦਿਨ ਉਸ ਨੇ ਗੁਰੂ ਅਮਰਦਾਸ ਜੀ ਦੀ ਮਹਿਮਾ ਸੁਣੀ ਤਾਂ ਉਹ ਬੜੀ ਮੁਸ਼ਕਲ ਨਾਲ ਤੁਰਦਾ ਹੋਇਆ ਗੋਇੰਦਵਾਲ ਪੁੱਜਾ। ਉਥੇ ਉਸ ਨੂੰ ਸਮੇਂ ਸਿਰ ਲੰਗਰ ਵਿਚੋਂ ਪ੍ਰਸ਼ਾਦ ਮਿਲਦਾ ਅਤੇ ਕੀਰਤਨ ਵੀ ਸੁਣਦਾ ਰਹਿੰਦਾ। ਫਿਰ ਦਿਨ ਵੇਲੇ ਬਾਉਲੀ ਸਾਹਿਬ ਦੇ ਪਾਸ ਜਾ ਕੇ ਬੈਠ ਜਾਂਦਾ ਅਤੇ ਟਿੰਡ ਵਜਾ ਕੇ ਪਾਠ ਕਰਦਾ ਰਹਿੰਦਾ। ਬਾਉਲੀ ਦੇ ਦਰਸ਼ਨਾਂ ਨੂੰ ਆਈ ਸੰਗਤ ਦੇ ਪੈਰਾਂ ਦੀ ਧੂੜ ਮੱਥੇ ਨਾਲ ਲਾਉਂਦਾ ਅਤੇ ਉਸ ਨੂੰ ਹੀ ਜ਼ਖ਼ਮਾਂ 'ਤੇ ਵੀ ਲਾਉਂਦਾ।

ਇਕ ਦਿਨ ਇਕ ਸਿੱਖ ਨੇ ਗੁਰੂ ਜੀ ਨੂੰ ਪ੍ਰੇਮੇ ਕੋੜ੍ਹੀ ਬਾਰੇ ਸਾਰੀ ਕਥਾ ਸੁਣਾਈ। ਗੁਰੂ ਜੀ ਨੇ ਉਸੇ ਵੇਲੇ ਇਕ ਸਿੱਖ ਨੂੰ ਭੇਜ ਕੇ ਪ੍ਰੇਮੇ ਕੋੜ੍ਹੇ ਨੂੰ ਉਥੇ ਬੁਲਾਇਆ ਜਿਥੇ ਗੁਰੂ ਜੀ ਰੋਜ਼ ਆਪ ਇਸ਼ਨਾਨ ਕਰਿਆ ਕਰਦੇ ਸਨ। ਫੱਟੀ ਉੱਤੇ ਬਿਠਾ ਕੇ ਗੁਰੂ ਜੀ ਨੇ ਆਪਣੇ ਹੱਥੀ ਉਸ ਨੂੰ ਇਸ਼ਨਾਨ ਕਰਵਾਇਆ ਅਤੇ ਸੁੰਦਰ ਕਪੜੇ ਪਵਾਏ। ਪ੍ਰੇਮੇ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਇਕ ਤੰਦਰੁਸਤ ਸੁੰਦਰ, ਛਬੀਲਾ ਨੌਜਵਾਨ ਬਣ ਗਿਆ। ਸਾਰੇ ਉਸ ਦੇ ਨਵੇਂ ਰੂਪ ਨੂੰ ਵੇਖ ਵੇਖ ਖੁਸ਼ ਹੋ ਰਹੇ ਸਨ। ਗੁਰੂ ਜੀ ਨੇ ਕਿਹਾ, "ਇਹ ਪ੍ਰੇਮਾ ਅੱਜ ਤੋਂ ਮੇਰਾ ਮੁਰਾਰੀ ਪੁੱਤਰ ਹੈ। ਪ੍ਰੇਮਾ ਕਾਇਆ ਪਲਟ ਕੇ ਮੁਰਾਰੀ ਹੋਇਆ ਹੈ। ਹੁਣ ਇਸ ਵਿਚ ਕੋਈ ਐਬ ਨਹੀਂ ਅਤੇ ਨਾ ਹੀ ਕਿਸੇ ਪ੍ਰਕਾਰ ਦਾ ਕੋਈ ਰੋਗ ਹੈ।" ਗੁਰੂ ਜੀ ਨੇ ਸੰਗਤ ਨੂੰ ਸੁਣਾ ਕੇ ਕਿਹਾ ਕਿ ਸੰਗਤ ਵਿਚ ਕੋਈ ਐਸਾ ਸਿੱਖ ਹੈ ਜੋ ਮੇਰੇ ਪੁੱਤਰ ਵਾਸਤੇ ਧੀ ਦਾ ਰਿਸ਼ਤਾ ਕਰੇ। ਉਥੇ ਉਸ ਵੇਲੇ ਗੁਰੂ ਘਰ ਦਾ ਇਕ ਪੁਰਾਣਾ ਸਿੱਖ ਸ਼ੀਹਾਂ ਬੈਠਾ ਸੀ। ਉਸਨੇ ਉਠ ਕੇ ਕਿਹਾ, "ਮਹਾਰਾਜ ਮੈਨੂੰ ਆਪਣੀ ਧੀ ਮੱਥਰੋ ਵਾਸਤੇ ਮੁਰਾਰੀ ਦਾ ਰਿਸ਼ਤਾ ਪ੍ਰਵਾਨ ਹੈ।" ਜਦ ਸ਼ੀਹਾਂ ਇਹ ਕੁਝ ਕਹਿ ਹੀ ਰਿਹਾ ਸੀ ਤਾਂ ਸ਼ੀਹੇਂ ਦੀ ਘਰ ਵਾਲੀ ਜਿਹੜੀ ਉਸ ਸਮੇਂ ਲੰਗਰ ਵਿਚ ਪ੍ਰਸ਼ਾਦ ਪਕਾ ਰਹੀ ਸੀ ਉੱਠ ਕੇ ਗੁਰੂ ਜੀ ਦੇ ਸਾਹਮਣੇ ਆ ਹਾਜ਼ਰ ਹੋਈ। ਉਹ ਕਹਿਣ ਲੱਗੀ, "ਮਹਾਰਾਜ ਸ਼ੀਹੇਂ ਦਾ ਤਾਂ ਦਿਮਾਗ਼ ਟਿਕਾਣੇ ਨਹੀਂ, ਮੈਨੂੰ ਇਹ ਰਿਸ਼ਤਾ ਬਿਲਕੁਲ ਪ੍ਰਵਾਨ ਨਹੀਂ। ਕੀ ਪਤਾ ਇਹ ਮੁੰਡਾ ਕਿਸ ਕੁੱਲ, ਕਿਸ ਜਾਤ, ਕਿਸ ਬਰਾਦਰੀ ਦਾ ਹੈ, ਮੈਂ ਆਪਣੀ ਧੀ ਦਾ ਜਨਮ ਭ੍ਰਿਸ਼ਟ ਕਰਨਾ ਹੈ?"

ਗੁਰੂ ਜੀ ਨੇ ਕਿਹਾ:, "ਇਹ ਮੇਰਾ ਪੁੱਤਰ ਹੈ, ਇਸ ਲਈ ਮੇਰੇ ਹੀ ਖਾਨਦਾਨ ਵਿਚੋਂ ਹੈ। ਇਹ ਮੱਥਰੋ ਮੁਰਾਰੀ ਦੀ ਜੋੜੀ ਧੁਰੋਂ ਹੀ ਲਿਖੀ ਆਈ ਹੈ, ਇਸ ਲਈ ਤੈਨੂੰ ਇਸ ਵਿਚ ਕੋਈ

ਇੰਤਰਾਜ਼ ਨਹੀਂ ਹੋਣਾ ਚਾਹੀਦਾ। ਅਸੀਂ ਆਪਣੇ ਪੁੱਤਰ ਦਾ ਵਿਆਹ ਆਪ ਕਰਾਂਗੇ।''

ਸ਼ੀਹੇਂ ਦੀ ਘਰ ਵਾਲੀ ਨੂੰ ਸਮਝ ਪੈ ਗਈ। ਗੁਰੂ ਜੀ ਅੱਗੇ ਮੱਥਾ ਟੇਕ ਕੇ ਅਤੇ 'ਧੰਨ ਮਹਾਰਾਜ ਜਿਵੇਂ ਤੁਹਾਡੀ ਮਰਜ਼ੀ' ਕਹਿਕੇ ਚਲੀ ਗਈ।

ਬਾਅਦ ਵਿਚ ਮੱਥਰੋ ਮੁਰਾਰੀ ਦਾ ਵਿਆਹ ਹੋ ਗਿਆ ਦੋਹਾਂ ਨੂੰ ਗੁਰੂ ਘਰ ਦਾ ਪ੍ਰਚਾਰਕ ਥਾਪਿਆ ਗਿਆ ਅਤੇ ਬਾਈ ਮੰਜੀਆਂ ਵਿੱਚੋਂ ਇਕ ਮੰਜੀ ਦੀ ਬਖਸ਼ਿਸ਼ ਕੀਤੀ।



# ਗੰਗੂ ਖੱਤਰੀ

ਗੰਗੂ ਖੱਤਰੀ ਗੜ੍ਹ ਸ਼ੰਕਰ ਦਾ ਵੱਡਾ ਸ਼ਾਹੂਕਾਰ ਸੀ। ਉਸ ਦਾ ਸ਼ਾਹੂਕਾਰਾ ਦੂਰ ਦੂਰ ਤੱਕ ਚਲਦਾ ਸੀ ਅਤੇ ਕਿਸੇ ਵਸਤੂ ਦੀ ਤੋਟ ਨਹੀਂ ਸੀ ਪਰ ਕੁਦਰਤ ਦੇ ਰੰਗਾਂ ਨੂੰ ਕੌਣ ਜਾਣਦਾ ਹੈ। ਉਸਦਾ ਕੰਮ ਏਨਾ ਡਿੱਗਾ ਕਿ ਰੋਟੀ ਤੋਂ ਵੀ ਆਤਰ ਹੋ ਗਿਆ। ਕਿਸੇ ਨੇ ਗੁਰੂ ਅਮਰਦਾਸ ਜੀ ਦੀ ਦੱਸ ਪਾਈ ਤਾਂ ਆਪ ਗੋਇੰਦਵਾਲ ਦਰਸ਼ਨਾਂ ਵਾਸਤੇ ਆਇਆ। ਗੁਰੂ ਭੇਟ ਕਰਨ ਖਾਤਰ ਘਰ ਵਿਚ ਨਕਦੀ ਤਾਂ ਨਹੀਂ ਸੀ। ਇਸ ਲਈ ਇਕ ਗੁੜ ਦੀ ਰੋੜੀ ਹੀ ਭੇਟਾ ਲਈ ਨਾਲ ਲੈ ਆਇਆ। ਲੰਗਰ ਛੱਕ ਕੇ ਜਦ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਗੁੜ ਦੀ ਰੋੜੀ ਨੂੰ ਚੜ੍ਹਾਵੇ ਵਜੋਂ ਭੇਟ ਕਰਨ ਤੋਂ ਝਿਜਕ ਗਿਆ। ਉਹ ਸੋਚਣ ਲੱਗਾ ਕਿ ਸਿੱਖਾਂ ਵਲੋਂ ਕਿੰਨੀਆਂ ਕੀਮਤੀ ਭੇਟਾਵਾਂ ਅਰਪਣ ਕੀਤੀਆਂ ਜਾ ਰਹੀਆਂ ਹਨ ਪਰ ਉਸ ਪਾਸ ਇਕ ਗੁੜ ਦੀ ਰੋੜੀ ਹੈ। ਗੁਰੂ ਜੀ ਜਾਣੀ-ਜਾਣ ਸਨ। ਉਨ੍ਹਾਂ ਨੇ ਗੰਗੂ ਦੀ ਅੰਤਰਮੁਖੀ ਦਸ਼ਾ ਨੂੰ ਭਾਂਪ ਲਿਆ। ਉਹਨਾਂ ਆਵਾਜ਼ ਮਾਰ ਕੇ ਗੰਗੂ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਦੀ ਗੁੜ ਦੀ ਭੇਲੀ ਆਪ ਮੰਗ ਕੇ ਲਈ। ਗੁਰੂ ਜੀ ਨੇ ਕੁਝ ਗੁੜ ਆਪ ਖਾਦਾ ਅਤੇ ਬਾਕੀ ਸੰਗਤਾਂ ਵਿਚ ਵਰਤਾ ਦਿੱਤਾ। ਭਾਈ ਗੰਗੂ ਕਾਫੀ ਸਮਾਂ ਗੁਰੂ ਘਰ ਦੀ ਸੇਵਾ ਕਰਦੇ ਰਹੇ ਅਤੇ ਗੁਰੂ ਜੀ ਦੇ ਕਿਸੇ ਕੰਮ ਆ ਜਾਣ 'ਤੇ ਬਹੁਤ ਪ੍ਰਸੰਨ ਹੁੰਦੇ। ਗੁਰੂ ਜੀ ਉਹਨਾਂ ਦੀ ਸੇਵਾ 'ਤੇ ਬਹੁਤ ਪ੍ਰਸੰਨ ਹੋਏ ਅਤੇ ਉਹਨਾਂ ਨੇ ਆਪਣੇ ਕੋਲੋਂ ਕੁਝ ਮੋਹਰਾਂ ਦੇ ਕੇ ਉਸ ਨੂੰ ਦਿੱਲੀ ਜਾਣ ਦੀ ਆਗਿਆ ਦਿੱਤੀ। ਉਨ੍ਹਾਂ ਕਿਹਾ, "ਇਸ ਰਕਮ ਨਾਲ ਦਿੱਲੀ ਜਾ ਕੇ ਸ਼ਾਹੂਕਾਰਾ ਕਰੋ, ਵਾਹਿਗੁਰੂ ਬਰਕਤ ਪਾਵੇਗਾ।"

ਭਾਈ ਗੰਗੂ ਨੇ ਗੁਰੂ ਜੀ ਵਲੋਂ ਦਿੱਤੀ ਰਕਮ ਨਾਲ ਆਪਣਾ ਕਾਰੋਬਾਰ ਆਰੰਭ ਕਰ ਲਿਆ ਅਤੇ ਕੁਝ ਸਮੇਂ ਵਿਚ ਉਹ ਇਕ ਬਹੁਤ ਵੱਡਾ ਸ਼ਾਹੂਕਾਰ ਬਣ ਗਿਆ। ਕਿਹਾ ਜਾਂਦਾ ਹੈ ਕਿ ਇਕ ਵਾਰ ਲਾਹੌਰ ਦੇ ਹਾਕਮ ਨੂੰ ਇਕ ਲੱਖ ਮੋਹਰਾਂ ਦੀ ਇਕੋ ਹੁੰਡੀ ਚਾਹੀਦੀ ਸੀ। ਦਿੱਲੀ ਵਿਚ ਕੋਈ ਵੀ ਸ਼ਾਹੂਕਾਰ ਇਕ ਹੁੰਡੀ ਨਾ ਦੇ ਸਕਿਆ। ਪਰ ਭਾਈ ਗੰਗੂ ਨੇ ਇਕ ਲੱਖ ਮੋਹਰਾਂ ਰੱਖ ਕੇ ਇਕ ਦਰਸ਼ਨੀ ਹੁੰਡੀ ਪਹੁੰਚਾ ਦਿੱਤੀ। ਉਸ ਦੀ ਏਨੀ ਸਮਰੱਥਾ ਨੂੰ ਵੇਖ ਕੇ ਮੁਗ਼ਲ ਹਾਕਮ ਬਹੁਤ ਪ੍ਰਭਾਵਿਤ ਹੋਏ ਅਤੇ ਉਸ ਦਾ ਮੁਗ਼ਲ ਦਰਬਾਰ ਵਿਚ ਬਹੁਤ ਸਨਮਾਨ ਵੱਧ ਗਿਆ।

ਉਹਨਾਂ ਸਮਿਆਂ ਵਿਚ ਦਿੱਲੀ ਵਿਚ ਇਕ ਗੁਰਸਿੱਖ ਦੀ ਲੜਕੀ ਦਾ ਵਿਆਹ ਸੀ। ਉਹ ਸਹਾਇਤਾ ਲੈਣ ਵਾਸਤੇ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਸਾਹਿਬ ਆਇਆ। ਗੁਰੂ ਜੀ ਨੇ ਪੰਜਾਹ ਰੁਪਏ ਦੀ ਹੁੰਡੀ ਭਾਈ ਗੰਗੂ ਦੇ ਨਾਂ ਲਿੱਖ ਦਿੱਤੀ। ਜਦ ਦਿੱਲੀ ਵਿਚ ਉਹ ਸਿੱਖ ਭਾਈ ਗੰਗੂ ਨੂੰ ਮਿਲਿਆ ਤਾਂ ਭਾਈ ਗੰਗੂ ਨੇ ਪੰਜਾਹ ਰੁਪਏ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ, "ਇਥੇ ਗੁਰੂ ਜੀ ਦੇ ਖਾਤੇ ਵਿਚ ਕੋਈ ਰਕਮ ਵੀ ਨਹੀਂ ਹੈ।"

ਉਹ ਗੁਰੂ ਜੀ ਪਾਸ ਵਾਪਸ ਗੋਇੰਦਵਾਲ ਆਇਆ ਤੇ ਬੀਤੀ ਵਾਰਤਾ ਕਹਿ ਸੁਣਾਈ। ਗੁਰੂ ਜੀ ਨੇ ਆਪਣੇ ਪਾਸੋਂ ਉਸ ਨੂੰ ਪੰਜਾਹ ਰੁਪਏ ਦੇ ਕੇ ਤੋਰਿਆ।

ਕੁਝ ਸਮੇਂ ਬਾਅਦ ਭਾਈ ਗੰਗੂ ਦਾ ਕੰਮ ਡਿੱਗਣ ਲੱਗਾ। ਡਿੱਗਦਾ ਡਿੱਗਦਾ ਇਥੇ ਜਾ

ਪਹੁੰਚਾ ਕਿ ਭਾਈ ਗੰਗੂ ਕਰਜ਼ਾਈ ਹੋ ਗਿਆ। ਕਰਜ਼ੇਦਾਰਾਂ ਤੋਂ ਜਾਨ ਛਡਾਉਣ ਲਈ ਫਿਰ ਗੋਇੰਦਵਾਲ ਆ ਗਿਆ। ਦਿਨ ਰਾਤ ਗੁਰੂ ਘਰ ਦੀ ਸੇਵਾ ਕਰੇ, ਪਰ ਗੁਰੂ ਦੇ ਸਨਮੁੱਖ ਹੋਣ ਦਾ ਹੀਆ ਨਾ ਕਰੇ। ਇਸ ਤਰ੍ਹਾਂ ਦੀ ਕਾਰ ਸੇਵਾ ਕਈ ਮਹੀਨੇ ਕਰਨ ਤੋਂ ਬਾਅਦ ਗੁਰੂ ਜੀ ਨੇ ਆਪ ਉਸ ਨੂੰ ਆਪਣੇ ਪਾਸ ਬੁਲਾਇਆ ਅਤੇ ਉਸ ਤੇ ਕ੍ਰਿਪਾ-ਦ੍ਰਿਸ਼ਟੀ ਕੀਤੀ। ਭਾਈ ਗੰਗੂ ਨੇ ਹੱਥ ਜੋੜ ਕੇ ਖਿਮਾਂ ਮੰਗੀ। ਗੁਰੂ ਜੀ ਨੇ ਉਸ ਨੂੰ ਬਖ਼ਸ਼ ਦਿੱਤਾ। ਸੁੰਦਰ ਕੱਪੜੇ ਪਵਾ ਕੇ ਕੁਝ ਮਾਇਆ ਦੇ ਕੇ ਆਪਣੇ ਪਿੰਡ ਜਾਣ ਦੀ ਆਗਿਆ ਦਿੱਤੀ। ਸੰਗਤਾਂ ਨੂੰ ਇਸ ਗੱਲ ਦੀ ਸੋਝੀ ਹੋਈ ਕਿ ਮਾਇਆ ਵਿਚ ਡੁੱਬ ਕੇ ਆਪਣੇ ਗੁਰੂ ਨੂੰ ਨਹੀਂ ਵਿਸਾਰ ਦੇਣਾ ਚਾਹੀਦਾ।



# ਭਾਈ ਲੰਘਾਹ

ਭਾਈ ਲੰਘਾਹ ਪਿੰਡ ਤਲਵੰਡੀ ਦਾ ਰਹਿਣ ਵਾਲਾ ਸੀ। ਇਕ ਲੱਤ ਤੋਂ ਲੰਘਾ ਹੋਣ ਕਰਕੇ ਉਸ ਨੂੰ ਸਾਰੇ ਭਾਈ ਲੰਘਾਹ ਹੀ ਕਹਿੰਦੇ ਸਨ। ਉਹ ਗੁਰੂ ਘਰ ਦਾ ਬਹੁਤ ਹੀ ਪ੍ਰੇਮੀ ਸੀ ਤੇ ਰੋਜ਼ ਗੁਰੂ ਜੀ ਵਾਸਤੇ ਦਹੀਂ ਲੈ ਕੇ ਆਇਆ ਕਰਦਾ ਸੀ। ਤਲਵੰਡੀ ਗੋਇੰਦਵਾਲ ਤੋਂ ਤਿੰਨ ਮੀਲ ਦੂਰ ਸੀ। ਇਹ ਤਿੰਨ ਮੀਲ ਦਾ ਪੈਂਡਾ ਉਹ ਭੌੜੀਆਂ ਨਾਲ ਹੀ ਚਲ ਕੇ ਰੋਜ਼ ਹਾਜ਼ਰ ਹੁੰਦਾ ਸੀ ਅਤੇ ਗੁਰੂ ਸਾਹਿਬ ਉਸਦੇ ਦਹੀਂ ਨਾਲ ਹੀ ਨਾਸ਼ਤਾ ਕਰਦੇ ਸਨ।

ਇਕ ਦਿਨ ਜਦ ਉਹ ਗੋਇੰਦਵਾਲ ਆ ਰਿਹਾ ਸੀ ਤਾਂ ਪਿੰਡ ਦੇ ਚੌਧਰੀ ਨੇ ਉਸ ਦੀ ਭੌੜੀ ਖੋਹ ਲਈ ਅਤੇ ਕਹਿਣ ਲੱਗਾ, "ਜਿਸ ਗੁਰੂ ਵਾਸਤੇ ਰੋਜ਼ ਦਹੀਂ ਲੈ ਕੇ ਜਾਂਦਾ ਏਂ ਕੀ ਉਹ ਤੇਰੀ ਲੱਤ ਵੀ ਠੀਕ ਨਹੀਂ ਕਰ ਸਕਦਾ।"

ਭਾਈ ਲੰਘਾਹ ਵਾਸਤੇ ਹੁਣ ਤੁਰਨਾ ਬਹੁਤ ਮੁਸ਼ਕਲ ਸੀ, ਪਰ ਦਹੀਂ ਵੀ ਹਰ ਹਾਲਤ ਵਿਚ ਪਹੁੰਚਾਉਣਾ ਸੀ। ਇਸ ਲਈ ਉਸ ਨੇ ਇਕ ਡੰਡਾ ਲਿਆ ਤੇ ਉਸ ਦਾ ਸਹਾਰਾ ਲੈਂਦਾ ਹੋਇਆ ਹੌਲੀ-ਹੌਲੀ ਗੋਇੰਦਵਾਲ ਪੁੱਜਾ। ਪਰ ਲੰਘਾਹ ਦੇ ਸਮੇਂ-ਸਿਰ ਨਾ ਆਉਣ ਕਰਕੇ ਗੁਰੂ ਜੀ ਨੂੰ ਹੋਰ ਦਹੀਂ ਦੇ ਦਿੱਤਾ ਗਿਆ। ਪਰ ਗੁਰੂ ਜੀ ਨੇ ਉਹ ਦਹੀਂ ਲੈਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਜਦ ਤੱਕ ਸਾਡਾ ਪਿਆਰਾ ਸਿੱਖ ਖੁਦ ਦਹੀਂ ਲੈ ਕੇ ਨਹੀਂ ਆਉਂਦਾ ਅਸੀਂ ਤਦ ਤਕ ਨਾਸ਼ਤਾ ਨਹੀਂ ਕਰਾਂਗੇ। ਕੁਝ ਸਮੇਂ ਬਾਅਦ ਡਿੱਗਦਾ ਢਹਿੰਦਾ ਭਾਈ ਲੰਘਾਹ ਵੀ ਦਹੀਂ ਲੈ ਕੇ ਪਹੁੰਚ ਗਿਆ। ਗੁਰੂ ਜੀ ਨੇ ਉਸ ਦਾ ਦਹੀਂ ਲਿਆ ਤੇ ਨਾਸ਼ਤਾ ਕੀਤਾ। ਫਿਰ ਗੁਰੂ ਜੀ ਨੇ ਭਾਈ ਲੰਘਾਹ ਨੂੰ ਆਪਣੇ ਪਾਸ ਬੁਲਾਇਆ ਅਤੇ ਕਹਿਣ ਲੱਗੇ, "ਭਾਈ ਲੰਘਾਹ ਕੀ ਗੱਲ ਅੱਜ ਏਨੀ ਦੇਰ ਹੋ ਗਈ ?" ਭਾਈ ਲੰਘਾਹ ਨੇ ਆਪਣੀ ਸਾਰੀ ਵਿੱਥਿਆ ਸੁਣਾਈ ਅਤੇ ਦੱਸਿਆ ਕਿ ਉਹ ਬਹੁਤ ਮੁਸ਼ਕਿਲ ਨਾਲ ਆਇਆ ਹੈ। ਗੁਰੂ ਜੀ ਉਸ ਦਾ ਸਾਰਾ ਬਿਰਤਾਂਤ ਸੁਣ ਕੇ ਕਹਿਣ ਲੱਗੇ, ਹੁਣ ਤੇਰੀ ਲੱਤ ਸਾਨੂੰ ਠੀਕ ਕਰਵਾਉਣੀ ਹੀ ਪਵੇਗੀ, ਤੂੰ ਹੁਣ ਇਸ ਤਰ੍ਹਾਂ ਕਰ ਕਿ ਸਿੱਧਾ ਲਾਹੌਰ ਚਲਾ ਜਾ ਉਥੇ ਸੂਫੀ ਸੰਤ ਸ਼ਾਹ ਹੁਸੈਨ ਨੂੰ ਜਾ ਕੇ ਮਿਲ ਉਹ ਤੇਰੀ ਲੱਤ ਠੀਕ ਕਰ ਦੇਵੇਗਾ। ਉਸ ਨੂੰ ਸਾਡੇ ਬਾਰੇ ਦੱਸਣਾ ਕਿ ਅਸੀਂ ਤੈਨੂੰ ਭੇਜਿਆ ਹੈ।"

ਗੁਰੂ ਜੀ ਦੀ ਇਹ ਗੱਲ ਸੁਣ ਕੇ ਭਾਈ ਲੰਘਾਹ ਕੁਝ ਗੁਰਸਿੱਖਾਂ ਦੀ ਸਹਾਇਤਾ ਨਾਲ ਲਾਹੌਰ ਚਲੇ ਗਿਆ ਅਤੇ ਸੂਫੀ ਸ਼ਾਹ ਹੁਸੈਨ ਦੇ ਦਰਬਾਰ ਵਿਚ ਪੁੱਜ ਗਿਆ। ਉਥੇ ਜਾਕੇ ਉਸ ਦੱਸਿਆ ਕਿ ਉਨ੍ਹਾਂ ਨੂੰ ਗੁਰੂ ਅਮਰਦਾਸ ਜੀ ਨੇ ਭੇਜਿਆ ਹੈ। ਬਾਅਦ ਵਿਚ ਉਸ ਆਪਣੀ ਲੱਤ ਬਾਰੇ ਵਿਸਤਾਰ ਨਾਲ ਦੱਸਿਆ। ਭਾਈ ਲੰਘਾਹ ਦੀਆਂ ਇਹ ਗੱਲਾਂ ਸੁਣ ਕੇ ਸ਼ਾਹ ਹੁਸੈਨ ਬਹੁਤ ਗੁੱਸੇ ਵਿਚ ਆ ਗਿਆ ਤੇ ਉੱਚੀ ਉੱਚੀ ਗਾਲ੍ਹਾਂ ਕੱਢਣ ਲੱਗਾ। ਫਿਰ ਉਸ ਇਕ ਡੰਡਾ ਲਿਆ ਤੇ ਤਾੜ ਤਾੜ ਭਾਈ ਲੰਘਾਹ ਦੇ ਮਾਰਨ ਲੱਗਾ। ਭਾਈ ਲੰਘਾਹ ਪਾਸ ਭੱਜਣ ਤੋਂ ਬਗੈਰ ਹੋਰ ਕੋਈ ਚਾਰਾ ਨਹੀਂ ਸੀ। ਡੰਡਿਆਂ ਦੀ ਮਾਰ ਤੋਂ ਬਚਣ ਲਈ ਉਹ ਜ਼ੋਰ ਦੀ ਭੱਜ ਉੱਠਿਆ ਅਤੇ ਜਦ ਬਾਹਰ ਜਾਕੇ ਉਸ ਵੇਖਿਆ ਤਾਂ ਉਸ ਦੀ ਲੱਤ ਬਿਲਕੁਲ ਨੌਂ-ਬਰ-ਨੌਂ ਸੀ।

ਉਹ ਵਾਪਸ ਡੇਰੇ ਵਿਚ ਆਇਆ ਅਤੇ ਸ਼ਾਹ ਹੁਸੈਨ ਦੇ ਪੈਰੀਂ ਪੈ ਗਿਆ। ਸ਼ਾਹ ਹੁਸੈਨ

ਨੇ ਆਪਣੇ ਪੈਰ ਪਿਛਾਂਹ ਖਿੱਚ ਲਏ ਅਤੇ ਕਹਿਣ ਲੱਗਾ, "ਉਸ ਦੇ ਚਰਨੀਂ ਲੱਗ ਜਿਸ ਨੇ ਤੈਨੂੰ ਏਥੇ ਭੇਜਿਆ ਹੈ। ਕਰਨ ਕਰਾਵਨ ਵਾਲਾ ਉਹ ਆਪ ਹੀ ਹੈ, ਕੇਵਲ ਸਾਡਾ ਨਾਂ ਲਾਇਆ ਹੈ। ਉਸ ਉਤੇ ਵਿਸ਼ਵਾਸ ਕਰੋ ਅਤੇ ਜੋ ਕੁਝ ਮੰਗਣਾ ਹੈ ਉਸ ਪਾਸੋਂ ਮੰਗੋ। ਸਾਡੇ ਵਰਗੇ ਤਾਂ ਸੈਂਕੜੇ ਉਸ ਦੇ ਕੂਕਰ ਹਨ।"

ਭਾਈ ਲੰਘਾਹ ਵਾਪਸ ਗੋਇੰਦਵਾਲ ਸਾਹਿਬ ਆ ਗਿਆ ਅਤੇ ਗੁਰੂ ਸਾਹਿਬ ਨੂੰ ਮੱਥਾ ਟੇਕ ਕੇ ਕਹਿਣ ਲੱਗਾ, "ਮਹਾਰਾਜ ਇਹ ਆਪ ਜੀ ਦੀ ਅਜੀਬ ਖੇਡ ਹੈ, ਇਹ ਸਭ ਕੁਝ ਤਾਂ ਤੁਸੀਂ ਕਰ ਸਕਦੇ ਸੀ ਫਿਰ ਮੈਨੂੰ ਕਿਸ ਵਾਸਤੇ ਲਾਹੌਰ ਭੇਜਿਆ।"

ਗੁਰੂ ਜੀ ਮੁਸਕਰਾ ਪਏ ਅਤੇ ਕਹਿਣ ਲੱਗੇ, "ਇਕ ਵਾਹਿਗੁਰੂ 'ਤੇ ਵਿਸ਼ਵਾਸ ਰਖੋ ਓਹੋ ਸਭ ਕੁਝ ਕਰਨ ਵਾਲਾ ਹੈ।"



# ਅਕਬਰ ਬਾਦਸ਼ਾਹ ਦਾ ਗੋਇੰਦਵਾਲ ਆਉਣਾ

ਉੱਚੀ ਜਾਤ ਦੇ ਬ੍ਰਾਹਮਣ ਅਤੇ ਖੱਤਰੀ ਗੁਰੂ ਜੀ ਦੇ ਸਾਂਝੇ ਲੰਗਰ ਨੂੰ ਬਰਦਾਸ਼ਤ ਨਹੀਂ ਸੀ ਕਰ ਰਹੇ। ਉਹ ਕਿਸੇ ਵੀ ਢੰਗ ਨਾਲ ਉਸ ਲੰਗਰ ਨੂੰ ਬੰਦ ਕਰਵਾਉਣਾ ਚਾਹੁੰਦੇ ਸਨ। ਜਿਥੇ ਨੀਵੀਆਂ ਜਾਤੀਆਂ ਦੇ ਲੋਕ ਉੱਚੀ ਜਾਤ ਦੇ ਲੋਕਾਂ ਨਾਲ ਮਿਲ ਕੇ ਇਕ ਪੰਗਤ ਵਿਚ ਬੈਠ ਕੇ ਭੋਜਨ ਛੱਕਦੇ ਸਨ। ਉਨ੍ਹਾਂ ਗੋਇੰਦੇ ਮਰਵਾਹੇ ਦੇ ਪੁੱਤਰ ਨੂੰ ਇਹ ਚੁੱਕਣਾ ਦਿੱਤੀ ਕਿ ਬਾਦਸ਼ਾਹ ਅਕਬਰ ਪਾਸ ਸ਼ਿਕਾਇਤ ਕਰੇ। ਉਸ ਨੇ ਸ਼ਿਕਾਇਤ ਕੀਤੀ ਕਿ ਉਸ ਆਪਣੀ ਜ਼ਮੀਨ ਉਤੇ ਇਕ ਸਾਧੂ ਨੂੰ ਬਿਠਾਇਆ ਸੀ, ਪਰ ਸਾਧੂ ਇਹ ਜ਼ਮੀਨ ਮਲ ਕੇ ਬੈਠ ਗਿਆ ਹੈ। ਅਕਬਰ ਨੇ ਲਾਹੌਰ ਦੇ ਨਵਾਬ ਨੂੰ ਪੜਤਾਲ ਕਰਨ ਭੇਜਿਆ। ਲਾਹੌਰ ਦਾ ਨਵਾਬ ਅਤੇ ਉਸਦੇ ਅਹਿਲਕਾਰ ਜਦ ਗੋਇੰਦਵਾਲ ਪੁੱਜੇ ਤਾਂ ਗੁਰੂ ਜੀ ਦੇ ਭਗਤੀ ਭਾਵ ਨੂੰ ਵੇਖ ਕੇ ਉਹ ਬਹੁਤ ਪ੍ਰਭਾਵਤ ਹੋਏ। ਗੁਰੂ ਸਾਹਿਬ ਇਕ ਰੱਬ ਨੂੰ ਮੰਨਦੇ ਸਨ ਅਤੇ ਜਾਤ ਪਾਤ ਤੋਂ ਉੱਪਰ ਉੱਠ ਇਕ ਲੰਗਰ ਵਿਚ ਭੋਜਨ ਕਰਦੇ ਸਨ। ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ ਮਰਵਾਹਾ ਝੂਠਾ ਹੈ।

ਇਸ ਤੋਂ ਬਾਅਦ ਬ੍ਰਾਹਮਣਾਂ ਨੇ ਸਨਾਤਨੀ ਹਿੰਦੂਆਂ ਨਾਲ ਮਿਲ ਕੇ ਦਰਖਾਸਤ ਦਿੱਤੀ ਕਿ ਗੁਰੂ ਅਮਰਦਾਸ ਜਾਤ ਪਾਤ ਖਤਮ ਕਰ ਰਹੇ ਹਨ ਅਤੇ ਇਕ ਨਵਾਂ ਧਰਮ ਚਲਾ ਕੇ ਦੇਵਤਿਆਂ ਦੀ ਪੂਜਾ, ਗੰਗਾ ਇਸ਼ਨਾਨ ਆਦਿ ਸਭ ਬੰਦ ਕਰ ਦਿੱਤੇ ਹਨ। ਬਾਦਸ਼ਾਹ ਅਕਬਰ ਉਸ ਸਮੇਂ ਲਾਹੌਰ ਆਇਆ ਹੋਇਆ ਸੀ, ਉਸ ਗੁਰੂ ਜੀ ਨੂੰ ਸੁਨੇਹਾ ਭੇਜਿਆ ਕਿ ਆਪਣਾ ਪੱਖ ਸਪੱਸ਼ਟ ਕਰਨ ਹਿੱਤ ਲਾਹੌਰ ਪੁੱਜਣ। ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਬੁਲਾਇਆ ਅਤੇ ਆਪਣੇ ਵਲੋਂ ਥਾਪੜਾ ਦੇ ਕੇ ਲਾਹੌਰ ਨੂੰ ਭੇਜ ਦਿੱਤਾ। ਭਾਈ ਜੇਠਾ ਜੀ ਜਦ ਕਚਹਿਰੀ ਵਿਚ ਪੁੱਜੇ ਤਾਂ ਉਨ੍ਹਾਂ ਸਿੱਖ ਮੱਤ ਦੇ ਸਾਰੇ ਪਹਿਲੂਆਂ ਨੂੰ ਵਿਸਥਾਰ ਨਾਲ ਸਮਝਾਇਆ। ਉਨ੍ਹਾਂ ਕਿਹਾ ਕਿ ਸਿੱਖ ਕੇਵਲ ਇਕ ਰੱਬ ਨੂੰ ਮੰਨਦੇ ਹਨ। ਇਸ ਲਈ ਦੇਵੀ ਦੇਵਤਿਆਂ ਦੀ ਪੂਜਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਨੁੱਖ ਨੇ ਜਾਤਾਂ ਆਪਣੇ ਲਾਭ ਹਿੱਤ ਬਣਾਈਆਂ ਹਨ ਅਤੇ ਏਸੇ ਲਾਭ ਨੂੰ ਹੀ ਮੁੱਖ ਰਖਕੇ ਇਹ ਬ੍ਰਾਹਮਣ ਸ਼ਿਕਾਇਤਾਂ ਲੈ ਕੇ ਆਏ ਹਨ। ਬਾਦਸ਼ਾਹ ਅਕਬਰ ਨੇ ਭਾਈ ਜੇਠਾ ਜੀ ਦੀਆਂ ਦਲੀਲਾਂ ਬੜੇ ਧਿਆਨ ਨਾਲ ਸੁਣੀਆਂ ਤੇ ਬ੍ਰਾਹਮਣਾਂ ਦੀ ਅਰਜ਼ੀ ਖਾਰਜ ਕਰ ਦਿੱਤੀ। ਬਾਦਸ਼ਾਹ ਅਕਬਰ ਭਾਈ ਜੇਠਾ ਜੀ ਦੀਆਂ ਗੱਲਾਂ ਸੁਣ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਗੁਰੂ ਨੂੰ ਮਿਲਣ ਦੀ ਖ਼ਾਹਿਸ਼ ਪ੍ਰਗਟ ਕੀਤੀ। ਭਾਈ ਜੇਠਾ ਜੀ ਨੇ ਉਨ੍ਹਾਂ ਨੂੰ ਆਉਣ ਦਾ ਖੁਲ੍ਹਾ ਸੱਦਾ ਦੇ ਦਿੱਤਾ। ਜਦ ਵੀ ਅਕਬਰ ਬਾਦਸ਼ਾਹ ਨੂੰ ਸਮਾਂ ਮਿਲੇ ਉਹ ਦਰਸ਼ਨ ਲਈ ਜਾ ਸਕਦੇ ਸਨ।

ਕੁਝ ਸਮੇਂ ਬਾਅਦ ਹੀ ਬਾਦਸ਼ਾਹ ਅਕਬਰ ਆਪਣੇ ਅਹਿਲਕਾਰਾਂ ਸਮੇਤ ਗੋਇੰਦਵਾਲ ਪੁਜਿਆ। ਇਹ ਇਕ ਵੱਡੀ ਗੱਲ ਸੀ ਕਿ ਬਾਦਸ਼ਾਹ ਇਕ ਫਕੀਰ ਦੇ ਦਰਸ਼ਨ ਨੂੰ ਨੰਗੇ ਪੈਰੀਂ ਜਾਵੇ। ਲਾਹੌਰ ਦੇ ਨਵਾਬ ਨੇ ਬੇਸ਼ਕ ਸੜਕ ਤੋਂ ਲੈ ਕੇ ਗੁਰੂ ਸਾਹਿਬ ਦੇ ਡੇਰੇ ਤੱਕ ਗਲੀਚੇ ਵਿਛਾ ਦਿੱਤੇ ਸਨ, ਪਰ ਅਕਬਰ ਨੇ ਗਲੀਚਿਆਂ ਉਤੇ ਪੈਰ ਨਾ ਰਖਿਆ ਅਤੇ ਰੇਤਾਂ ਤੇ ਚੱਲਦਾ ਗੁਰੂ ਕੇ ਲੰਗਰ ਤੱਕ ਪੁੱਜਾ। ਇਥੇ ਗੁਰੂ ਜੀ ਦੀ ਮਰਯਾਦਾ ਨੂੰ ਮੁੱਖ ਰਖਦਿਆਂ ਉਹ ਪਹਿਲਾਂ ਲੰਗਰ

ਵਿਚ ਗਏ। ਸਭ ਜਾਤਾਂ ਦੇ ਲੋਕਾਂ ਨੂੰ ਇਕ ਲੰਗਰ ਵਿਚ ਢਿੱਡ ਭਰ ਕੇ ਖਾਂਦਾ ਵੇਖ ਕੇ ਅਕਬਰ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ।

ਫਿਰ ਉਹ ਗੁਰੂ ਜੀ ਪਾਸ ਗਿਆ ਅਤੇ ਉਨ੍ਹਾਂ ਦੇ ਪ੍ਰਵਚਨ ਸੁਣੇ। ਗੁਰੂ ਜੀ ਨੇ ਉਨ੍ਹਾਂ ਨੂੰ ਜੀਵਨ ਮਾਰਗ ਬਾਰੇ ਸੋਝੀ ਕਰਵਾਈ। ਗੁਰੂ ਦੇ ਲੰਗਰ ਦੀ ਪ੍ਰਥਾ ਤੇ ਖੁਸ਼ ਹੋ ਕੇ ਉਸ ਲੰਗਰ ਦੇ ਨਾਂ ਜਾਗੀਰ ਲਾਉਣੀ ਚਾਹੀ, ਪਰ ਗੁਰੂ ਜੀ ਨੇ ਇਹ ਕਹਿ ਕੇ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਲੰਗਰ ਕੇਵਲ ਉਪਾਸ਼ਕਾਂ ਦੀ ਉਗਰਾਹੀ ਨਾਲ ਚਲਦੇ ਹਨ। ਜਾਗੀਰਾਂ ਨਾਲ ਚੱਲਣ ਵਾਲੇ ਲੰਗਰ ਨਹੀਂ ਰਹਿੰਦੇ। ਉਨ੍ਹਾਂ ਇਹ ਵੀ ਕਿਹਾ ਕਿ ਸਭ ਕੁਝ ਪ੍ਰਭੂ ਦਾ ਦਿੱਤਾ ਮੌਜੂਦ ਹੈ। ਅਕਬਰ ਗੁਰੂ ਜੀ ਤੋਂ ਏਨਾਂ ਪ੍ਰਭਾਵਿਤ ਹੋਇਆ ਕਿ ਹਰ ਸਾਲ ਵਿਸਾਖੀ ਉਤੇ ਉਹ ਇਕ ਲੱਖ, ਵੀਹ ਹਜ਼ਾਰ ਰੁਪਏ ਗੋਇੰਦਵਾਲ ਵਿਖੇ ਅਰਦਾਸ ਵਾਸਤੇ ਭੇਜਦਾ ਸੀ।



# ਜੋਤੀ ਜੋਤ ਸਮਾਉਣਾ

ਗੁਰੂ ਅਮਰਦਾਸ ਜੀ ਦੇ ਜਦ ਜੋਤੀ ਜੋਤ ਸਮਾਉਣ ਦਾ ਸਮਾਂ ਨੇੜੇ ਆਇਆ ਤਾਂ ਆਪ ਨੇ ਗੁਰਗੱਦੀ ਕਿਸੇ ਯੋਗ ਉਤਰਾਧਿਕਾਰੀ ਨੂੰ ਸੌਂਪਣ ਬਾਰੇ ਸੋਚਿਆ। ਸਾਰੇ ਲੋਕ ਇਹ ਜਾਣਦੇ ਸਨ ਕਿ ਸਭ ਸਿੱਖਾਂ ਵਿਚ ਸ੍ਰੇਸ਼ਟ ਭਾਈ ਜੇਠਾ ਜੀ ਅਤੇ ਭਾਈ ਰਾਮਾ ਜੀ ਹੀ ਸਨ, ਪਰ ਫਿਰ ਵੀ ਗੁਰੂ ਜੀ ਵੀ ਪ੍ਰੀਖਿਆ ਲੈਣਾ ਚਾਹੁੰਦੇ ਸਨ ਤਾਂਕਿ ਸੰਗਤ ਨੂੰ ਕਿਸੇ ਪ੍ਰਕਾਰ ਦਾ ਭੁਲੇਖਾ ਨਾ ਰਹੇ।

ਉਨ੍ਹਾਂ ਨੇ ਇਕ ਦਿਨ ਭਾਈ ਰਾਮਾ ਜੀ ਅਤੇ ਭਾਈ ਜੇਠਾ ਜੀ ਨੂੰ ਬੁਲਾ ਕੇ ਕਿਹਾ ਕਿ ਉਹ ਸਤਿਸੰਗ ਵਾਸਤੇ ਦੋ ਥੜ੍ਹੇ ਬਣਾਉਣੇ ਚਾਹੁੰਦੇ ਹਨ ਜਿਸ ਉਤੇ ਬੈਠ ਕੇ ਸੰਗਤ ਨੂੰ ਦੂਰ ਤਕ ਸੰਬੋਧਤ ਕੀਤਾ ਜਾ ਸਕੇ। ਉਨ੍ਹਾਂ ਥੜ੍ਹਿਆਂ ਦੀ ਲੰਬਾਈ, ਚੌੜਾਈ ਅਤੇ ਉਚਾਈ ਉਨ੍ਹਾਂ ਨੂੰ ਸਮਝਾ ਦਿੱਤੀ। ਭਾਈ ਰਾਮਾ ਜੀ ਜਿਹੜੇ ਗੁਰੂ ਜੀ ਦੀ ਵੱਡੀ ਲੜਕੀ ਦਾਨੀ ਨਾਲ ਵਿਆਹੇ ਹੋਏ ਸਨ, ਸੁਭਾਅ ਦੇ ਏਨੇ ਸਨਿਮਰ ਸਨ ਕਿ ਹਰ ਵੇਲੇ ਸੇਵਾ ਵਿਚ ਹੀ ਲੱਗੇ ਰਹਿੰਦੇ ਸਨ। ਭਾਈ ਜੇਠਾ ਜੀ ਵੀ ਸੇਵਾ ਦੇ ਪੁੰਜ ਸਨ। ਉਹ ਇਕ ਸਿਆਣੇ ਅਤੇ ਸੁਘੜ ਵਿਅਕਤੀ ਸਨ ਜਿਹੜੇ ਕਿ ਰਾਜ ਦਰਬਾਰੇ ਖੁੱਲ੍ਹ ਕੇ ਵਾਦ-ਵਿਵਾਦ ਵੀ ਕਰ ਸਕਦੇ ਸਨ।

ਭਾਈ ਰਾਮਾ ਜੀ ਅਤੇ ਭਾਈ ਜੇਠਾ ਰੋਜ਼ ਸ਼ਾਮ ਤੱਕ ਥੜ੍ਹਾ ਤਿਆਰ ਕਰ ਦਿੰਦੇ ਪਰ ਗੁਰੂ ਜੀ ਉਸ ਵਿਚ ਨੁਕਸ ਕੱਢ ਕੇ ਢਾਹੁਣ ਦਾ ਹੁਕਮ ਦੇ ਦਿੰਦੇ। ਇਸ ਤਰ੍ਹਾਂ ਸੱਤ ਦਿਨ ਚੱਲਦਾ ਰਿਹਾ, ਪਰ ਕੋਈ ਥੜ੍ਹਾ ਵੀ ਪ੍ਰਵਾਨ ਨਾ ਚੜ੍ਹਿਆ। ਅੱਠਵੇਂ ਦਿਨ ਵੀ ਜਦ ਭਾਈ ਰਾਮਾ ਜੀ ਦੇ ਥੜ੍ਹੇ ਵਿਚ ਨੁਕਸ ਕੱਢ ਕੇ ਗੁਰੂ ਜੀ ਨੇ ਉਸ ਨੂੰ ਦੁਬਾਰਾ ਤਿਆਰ ਕਰਨ ਵਾਸਤੇ ਕਿਹਾ ਤਾਂ ਭਾਈ ਰਾਮਾ ਜੀ ਕਹਿਣ ਲੱਗੇ, "ਮੈਂ ਇਹ ਥੜ੍ਹਾ ਢਾਹ ਕੇ ਹੋਰ ਨਹੀਂ ਬਣਾਉਣਾ, ਜਿਸ ਤਰ੍ਹਾਂ ਤੁਸੀਂ ਦੱਸਿਆ ਸੀ, ਮੈਂ ਉਸ ਤਰ੍ਹਾਂ ਬਣਾਇਆ ਹੈ ਪਰ ਵਡੇਰੀ ਉਮਰ ਕਰਕੇ ਤੁਹਾਨੂੰ ਯਾਦ ਨਹੀਂ ਰਹਿੰਦਾ," ਗੁਰੂ ਜੀ ਨੇ ਜਦ ਭਾਈ ਜੇਠਾ ਦੀ ਦੇ ਥੜ੍ਹੇ ਵਿਚ ਹੀ ਨੁਕਸ ਕੱਢਿਆ ਤਾਂ ਉਹ ਕਹਿਣ ਲੱਗੇ, "ਮਹਾਰਾਜ! ਮੇਰੇ ਉੱਪਰ ਕ੍ਰਿਪਾ ਕਰੋ, ਮੈਨੂੰ ਇਹ ਬੁੱਧ ਬਖਸ਼ੋ ਕਿ ਮੈਂ ਆਪ ਦੀ ਰੀਝ ਅਨੁਸਾਰ ਥੜ੍ਹਾ ਉਸਾਰ ਸਕਾਂ।'

ਗੁਰੂ ਜੀ ਉਸ ਦੀ ਇਹ ਗੱਲ ਸੁਣਕੇ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਇਹ ਗੱਲ ਤਹਿ ਕਰ ਲਈ ਕਿ ਗੁਰਗੱਦੀ ਭਾਈ ਜੇਠਾ ਜੀ ਨੂੰ ਹੀ ਦਿੱਤੀ ਜਾਵੇ। ਆਪਣੇ ਇਸ ਫੈਸਲੇ ਬਾਰੇ ਉਨ੍ਹਾਂ ਸਾਰੀ ਸੰਗਤ ਨੂੰ ਦੱਸ ਦਿੱਤਾ। ਅਗਲੇ ਦਿਨ ਭਾਈ ਜੇਠਾ ਨੂੰ ਬੁਲਾ ਕੇ ਆਪਣੇ ਹੱਥੀਂ ਇਸ਼ਨਾਨ ਕਰਵਾ ਕੇ, ਸੁੰਦਰ ਪੁਸ਼ਾਕ ਪਵਾ ਕੇ ਤਖ਼ਤ 'ਤੇ ਬਿਠਾ ਦਿੱਤਾ। ਬਾਬਾ ਬੁੱਢਾ ਜੀ ਨੇ ਗੁਰ-ਗੱਦੀ ਦੀਆਂ ਰਸਮਾਂ ਪੂਰੀਆਂ ਕੀਤੀਆਂ। ਫਿਰ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਕਿ ਅਜ ਤੋਂ ਭਾਈ ਜੇਠਾ ਜੀ ਨਵੇਂ ਨਾਂ ਹੇਠ ਗੁਰੂ ਰਾਮਦਾਸ ਵਜੋਂ ਗੁਰੂ ਹੋਣਗੇ। ਗੁਰੂ ਨਾਨਕ ਦੇਵ ਜੀ ਦੀਆਂ ਬਖਸ਼ਿਸ਼ਾਂ ਹੁਣ ਇਨ੍ਹਾਂ ਪਾਸੋਂ ਹੀ ਪ੍ਰਾਪਤ ਹੋਣਗੀਆਂ। ਉਨ੍ਹਾਂ ਫਿਰ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ। ਫਿਰ ਬਾਬਾ ਬੁੱਢਾ ਜੀ, ਬਾਬਾ ਮੋਹਰੀ ਜੀ ਅਤੇ ਹੋਰ ਸਾਰੀ ਸੰਗਤ ਚਰਨੀਂ ਆ ਲੱਗੀ।

ਕੁਝ ਦਿਨ ਬਾਅਦ ਹੀ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਕਿ ਉਨ੍ਹਾਂ ਨੂੰ ਹੁਣ ਉਪਰੋਂ ਬੁਲਾਵਾ ਆ ਗਿਆ ਹੈ। ਉਹ ਇਕ ਚਿੱਟੀ ਚਾਦਰ ਤਾਣ ਕੇ ਲੰਮੇ ਪੈ ਗਏ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਦੀ ਜੋਤ, ਪ੍ਰਭੂ ਦੀ ਜੋਤ ਵਿਚ ਵਿਲੀਨ ਹੋ ਗਈ।



# ਸ੍ਰੀ ਗੁਰੂ ਰਾਮ ਦਾਸ ਜੀ

# ਪ੍ਰਕਾਸ਼

(ਗੁਰੂ) ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ ਵਿਖੇ 25 ਸਤੰਬਰ 1534 ਨੂੰ ਬਾਬਾ ਹਰਿਦਾਸ ਜੀ ਦੇ ਘਰ ਮਾਤਾ ਅਨੂਪੀ ਜੀ ਦੀ ਕੁੱਖ ਤੋਂ ਹੋਇਆ। ਉਨ੍ਹਾਂ ਦਾ ਨਾਂ ਰਾਮਦਾਸ ਰਖਿਆ ਗਿਆ ਪਰ ਕਿਉਂਕਿ ਘਰ ਵਿਚ ਸਭ ਤੋਂ ਵੱਡੇ ਪੁੱਤਰ ਸਨ ਇਸ ਲਈ ਉਨ੍ਹਾਂ ਦਾ ਨਾਂ ਜੇਠਾ ਹੀ ਪ੍ਰਸਿੱਧ ਹੋਇਆ। ਉਨ੍ਹਾਂ ਤੋਂ ਛੋਟਾ ਇਕ ਭਰਾ ਹਰਿਦਿਆਲ ਅਤੇ ਭੈਣ ਰਾਮਦਾਸੀ ਸੀ। ਆਪ ਜੀ ਬੜੇ ਸੁੰਦਰ, ਸੁਣੱਖੇ ਅਤੇ ਹਰ ਸਮੇਂ ਮੁਸਕਰਾਉਂਦੇ ਰਹਿੰਦੇ ਸਨ। ਆਪ ਦਾ ਪ੍ਰਭੂ ਨਾਲ ਬਚਪਨ ਤੋਂ ਹੀ ਪਿਆਰ ਸੀ। ਆਪ ਜੀ ਬੜੇ ਧੀਰਜ ਵਾਲੇ ਅਤੇ ਮਿਲਾਪੜੇ ਸਨ। ਆਪ ਜੀ ਜਦ ਕਿਸੇ ਮਹਾਂ ਪੁਰਸ਼ ਜਾਂ ਸਾਧੂ ਮਹਾਤਮਾ ਨੂੰ ਮਿਲਦੇ ਤਾਂ ਉਸ ਨੂੰ ਘਰ ਲੈ ਆਉਂਦੇ ਅਤੇ ਉਸ ਨੂੰ ਅੰਨ-ਪਾਣੀ ਛਕਾ ਕੇ ਬੜੇ ਪ੍ਰਸੰਨ ਹੁੰਦੇ । ਜਦ ਬਚਿਆਂ ਨਾਲ ਖੇਡਦੇ ਤਾਂ ਉਨ੍ਹਾਂ ਨੂੰ ਵੀ ਪ੍ਰਭੂ-ਭਗਤੀ ਦੀਆਂ ਸਾਖੀਆਂ ਹੀ ਸੁਣਾਉਂਦੇ ।

ਆਪ ਹਾਲੇ ਸੱਤ ਸਾਲ ਦੇ ਹੀ ਹੋਏ ਸਨ ਕਿ ਆਪ ਦੇ ਮਾਤਾ ਪਿਤਾ ਗੁਜ਼ਰ ਗਏ। ਆਪ ਬਹੁਤ ਛੋਟੀ ਉਮਰ ਵਿਚ ਹੀ ਅਨਾਥ ਹੋ ਗਏ।

ਛੋਟੇ ਭੈਣ ਭਰਾਵਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਵੀ ਆਪ ਤੇ ਆ ਪਈ। ਇਸ ਲਈ ਮਾਂ ਬਾਪ ਦਾ ਲਾਡ ਪਿਆਰ ਮਿਲਣ ਦੇ ਥਾਂ ਆਪ ਨੂੰ ਕਿਰਤ-ਕਮਾਈ ਕਰਨੀ ਪਈ। ਆਪ ਦੇ ਨਾਨਾ ਨਾਨੀ ਨੇ ਜਦ ਇਹ ਵੇਖਿਆ ਕਿ ਆਪ ਦਾ ਕੋਈ ਨਹੀਂ ਰਿਹਾ ਤਾਂ ਉਹ ਉਹਨਾਂ ਸਾਰਿਆਂ ਨੂੰ ਪਿੰਡ ਬਾਸਰਕੇ ਲੈ ਆਏ। ਆਪ ਜੀ ਦੇ ਨਾਨਾ ਜੀ ਵੀ ਦੁਕਾਨ ਕਰਦੇ ਸਨ। ਪਰਿਵਾਰ ਵੱਡਾ ਹੋਣ ਕਰਕੇ ਗੁਜ਼ਾਰਾ ਮੁਸ਼ਕਲ ਨਾਲ ਚਲਦਾ ਸੀ। ਇਸ ਕਰਕੇ ਇਥੇ ਵੀ ਆ ਕੇ ਆਪ ਨੂੰ ਕੋਈ ਨਾ ਕੋਈ ਕੰਮ ਕਰਨਾ ਜ਼ਰੂਰੀ ਬਣ ਗਿਆ। ਉਸ ਸਮੇਂ ਬਾਸਰਕੇ ਪਿੰਡ ਲਾਗੇ ਇਕ ਬਹੁਤ ਵਡਾ ਸਰੋਵਰ ਸੀ ਜਿਸ ਦੇ ਕੰਢੇ 'ਤੇ ਪਿਪਲ ਦੇ ਛਾਂ-ਦਾਰ ਦਰੱਖਤ ਸਨ। ਇਨ੍ਹਾਂ ਦਰੱਖਤਾਂ ਹੇਠਾਂ ਆਪ ਜੀ ਨੇ ਘੁੰਗਣੀਆਂ ਦੀ ਛਾਬੜੀ ਲਾ ਲਈ। ਮਿੱਠ-ਬੋਲੜੇ ਅਤੇ ਮਿਲਾਪੜੇ ਸੁਭਾਅ ਕਰਕੇ ਆਪ ਗੁਜ਼ਾਰੇ ਜੋਗੇ ਪੈਸੇ ਕਮਾ ਲੈਂਦੇ ਸਨ।

ਗੁਰੂ ਅਮਰ ਦਾਸ ਜੀ ਵੀ ਬਾਸਰਕੇ ਪਿੰਡ ਦੇ ਰਹਿਣ ਵਾਲੇ ਸਨ, ਭਾਈ ਜੇਠਾ ਜੀ ਦੇ ਨਾਨਾ ਨਾਨੀ ਨੂੰ ਉਹ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਇਕ ਬ੍ਰਾਦਰੀ ਦੇ ਹੋਣ ਕਰਕੇ ਉਨ੍ਹਾਂ ਨਾਲ ਚੰਗੇ ਸੰਬੰਧ ਸਨ। ਜਦ ਉਨ੍ਹਾਂ ਨੂੰ ਉਨ੍ਹਾਂ ਯਤੀਮ ਬਚਿਆਂ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੂੰ ਤਰਸ ਆਇਆ। ਉਹ ਬਚਿਆਂ ਦੀ ਹਰ ਹਾਲਤ ਵਿਚ ਕੁਝ ਨਾ ਕੁਝ ਮਦਦ ਕਰਨਾ ਚਾਹੁੰਦੇ ਸਨ। ਉਹ ਭਾਈ ਜੇਠਾ ਜੀ ਨੂੰ ਘੁੰਗਣਿਆਂ ਵੇਚਦੇ ਨੂੰ ਬੜੇ ਪਿਆਰ ਨਾਲ ਮਿਲਦੇ ਅਤੇ ਉਨ੍ਹਾਂ ਨਾਲ ਵਿਚਾਰ ਵਟਾਂਦਰਾ ਵੀ ਕਰਦੇ।

ਜਦ ਸੰਨ 1546 ਵਿਚ ਗੁਰੂ ਅਮਰ ਦਾਸ ਜੀ ਨੂੰ ਗੋਇੰਦਵਾਲ ਸ਼ਹਿਰ ਵਸਾਉਣ ਅਤੇ ਵਸੇਬਾ ਉਥੇ ਕਰ ਲੈਣ ਦਾ ਆਦੇਸ਼ ਹੋਇਆ ਤਾਂ ਭਾਈ ਜੇਠਾ ਜੀ ਨੇ ਵੀ ਗੋਇੰਦਵਾਲ ਜਾਣ ਦਾ ਮਨ ਬਣਾ ਲਿਆ। ਉਸ ਸਮੇਂ ਉਨ੍ਹਾਂ ਦੀ ਉਮਰ 12 ਸਾਲ ਦੀ ਹੋ ਗਈ ਸੀ। ਨਵੇਂ ਸ਼ਹਿਰ ਵਿਚ ਕਮਾਈ ਦੀ

ਜ਼ਿਆਦਾ ਸੰਭਾਵਨਾ ਨੂੰ ਮੁੱਖ ਰੱਖਕੇ ਨਾਨੀ ਨੇ ਵੀ ਉਸ ਨੂੰ ਗੋਇੰਦਵਾਲ ਜਾਣ ਤੋਂ ਨਾ ਰੋਕਿਆ। ਬਾਸਰਕੇ ਪਿੰਡ ਵਿਚ ਪੰਜ ਸਾਲ ਰਹਿਣ ਕਰਕੇ ਗੁਰੂ ਅਮਰ ਦਾਸ ਦਾ ਸਾਰਾ ਪਰਿਵਾਰ ਭਾਈ ਜੇਠਾ ਜੀ ਨੂੰ ਜਾਣਦਾ ਸੀ ਅਤੇ ਬੜੇ ਮਿਲਪੜੇ ਹੋਣ ਕਰਕੇ ਸਾਰੇ ਉਸਨੂੰ ਪਿਆਰ ਕਰਦੇ ਸਨ।



# ਸਤਿਗੁਰ ਸੇਵਾ

ਜਦ ਭਾਈ ਜੇਠਾ ਜੀ ਗੋਇੰਦਵਾਲ ਪਹੁੰਚੇ ਤਾਂ ਉਨ੍ਹਾਂ ਵੇਖਿਆ ਕਿ ਗੋਇੰਦਵਾਲ ਸ਼ਹਿਰ ਦੀ ਉਸਾਰੀ ਜ਼ੋਰ ਸ਼ੋਰ ਨਾਲ ਹੋ ਰਹੀ ਹੈ ਅਤੇ ਪਿੰਡਾਂ ਦੇ ਲੋਕ ਬੜੇ ਸਤਿਕਾਰ ਅਤੇ ਪ੍ਰੇਮ ਨਾਲ ਸੇਵਾ ਕਰ ਰਹੇ ਸਨ। ਉਨ੍ਹਾਂ ਨੇ ਓਥੇ ਜਾਕੇ ਘੁੰਗਣੀਆਂ ਦੀ ਛਾਬੜੀ ਲਾ ਲਈ। ਜਦ ਘੁੰਗਣੀਆਂ ਵ੍ਵਿਕ ਜਾਂਦੀਆਂ ਤਾਂ ਉਹ ਵੀ ਸੇਵਾ ਵਿਚ ਲੱਗ ਜਾਂਦੇ। ਬਾਬਾ ਅਮਰ ਦਾਸ ਜਿਨ੍ਹਾਂ ਨੂੰ ਉਸ ਸਮੇਂ ਹਾਲੇ ਗੁਰ-ਗੱਦੀ ਨਹੀਂ ਮਿਲੀ ਸੀ ਸਵੇਰੇ ਸਵੱਖਤੇ ਉੱਠ ਪਾਣੀ ਦੀ ਗਾਗਰ ਭਰ ਕੇ ਖਡੂਰ ਸਾਹਿਬ ਚਲੇ ਜਾਂਦੇ ਸਨ ਅਤੇ ਗੁਰੂ ਅੰਗਦ ਦੇਵ ਜੀ ਨੂੰ ਇਸ਼ਨਾਨ ਕਰਵਾ ਕੇ ਵਾਪਸ ਗੋਇੰਦਵਾਲ ਆ ਜਾਂਦੇ ਸਨ। ਭਾਈ ਜੇਠਾ ਜੀ ਦੇ ਕੰਮ ਕਾਰ ਤੇ ਉਹ ਬਹੁਤ ਖੁਸ਼ ਸਨ। ਬਾਬਾ ਜੀ ਨੇ ਉਨ੍ਹਾਂ ਦੇ ਰਹਿਣ ਦਾ ਵੀ ਚੰਗਾ ਪ੍ਰਬੰਧ ਕਰ ਦਿੱਤਾ ਸੀ। ਸਾਰੇ ਲੋਕ ਉਨ੍ਹਾਂ ਨੂੰ ਬਾਬਾ ਪਰਿਵਾਰ ਦਾ ਇਕ ਮੈਂਬਰ ਹੀ ਸਮਝਦੇ ਸਨ ਕਿਉਂਕਿ ਬਾਸਰਕੇ ਤੋਂ ਉਹ ਬਾਬਾ ਜੀ ਨਾਲ ਹੀ ਆਏ ਸਨ। ਉਹ ਵੀ ਪਰਿਵਾਰ ਨਾਲ ਘੁਲ-ਮਿਲ ਗਏ ਸਨ। ਉਹ ਮਾਤਾ ਮਨਸਾ ਦੇਵੀ ਨੂੰ ਆਪਣੀ ਸਕੀ ਮਾਂ ਵਾਂਗ ਸਮਝਦੇ ਸਨ ਅਤੇ ਮਾਤਾ ਮਨਸਾ ਦੇਵੀ ਵੀ ਉਸ ਨੂੰ ਆਪਣਾ ਪੁੱਤਰ ਹੀ ਸਮਝਦੀ ਸੀ। ਇਸ ਤਰ੍ਹਾਂ ਛੇ ਸਾਲ ਗੋਇੰਦਵਾਲ ਦੀ ਉਸਾਰੀ ਚਲਦੀ ਰਹੀ। ਜਿਵੇਂ ਜਿਵੇਂ ਬਾਬਾ ਅਮਰ ਦਾਸ ਜੀ ਗੋਇੰਦੇ ਨੂੰ ਕਹਿੰਦੇ ਗਏ; ਉਸ ਤਰ੍ਹਾਂ ਹੀ ਉਹ ਸ਼ਹਿਰ ਦੀ ਉਸਾਰੀ ਕਰਵਾਉਂਦਾ ਗਿਆ। ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਨੂੰ ਸ਼ਹਿਰ ਦੀ ਉਸਾਰੀ ਕਰਦੇ ਵੇਖ ਕੇ ਗੋਇੰਦੇ ਦੇ ਸ਼ਰੀਕਾਂ ਦੀ ਇਹ ਹਿੰਮਤ ਨਾ ਹੋਈ ਕਿ ਉਹ ਭੂਤਾਂ ਪ੍ਰੇਤਾਂ ਦਾ ਡਰਾਵਾ ਦੇ ਕੇ ਕੰਮ ਵਿਚ ਕੋਈ ਰੁਕਾਵਟ ਪਾ ਸਕਣ। ਹੁਣ ਉਹ ਵੀ ਉਸਾਰੀ ਵਿਚ ਸਹਾਇਤਾ ਕਰਨ ਲੱਗੇ। ਜਦ ਸ਼ਹਿਰ ਦੀ ਕਾਫ਼ੀ ਹੱਦ ਤਕ ਉਸਾਰੀ ਹੋ ਗਈ ਤਾਂ ਬਾਬਾ ਅਮਰ ਦਾਸ ਜੀ ਗੁਰੂ ਜੀ ਪਾਸੋਂ ਪਿੰਡ ਦਾ ਨਾਂ ਰਖਣ ਬਾਰੇ ਪੁਛਣ ਗਏ। ਗੁਰੂ ਜੀ ਨੇ ਨਵੇਂ ਨਗਰ ਦਾ ਨਾਂ ਗੋਇੰਦਵਾਲ ਰਖਣ ਵਾਸਤੇ ਕਿਹਾ, ਇਹੋ ਨਾਂ ਬਾਅਦ ਵਿਚ ਪ੍ਰਸਿੱਧ ਹੋ ਗਿਆ।

ਗੁਰੂ ਅੰਗਦ ਦੇਵ ਜੀ ਜੋਤੀ ਜੋਤੀ ਸਮਾਉਣ ਤੋਂ ਪਹਿਲਾਂ ਗੁਰ-ਗੱਦੀ ਬਾਬਾ ਅਮਰ ਦਾਸ ਜੀ ਨੂੰ ਸੌਂਪ ਗਏ। ਗੁਰ-ਗੱਦੀ ਸੌਂਪਣ ਤੋਂ ਬਾਅਦ ਉਨ੍ਹਾਂ ਬਾਬਾ ਜੀ ਨੂੰ ਇਹ ਆਦੇਸ਼ ਕੀਤਾ ਕਿ ਉਹ ਆਪਣੀ ਪੱਕੀ ਰਹਾਇਸ਼ ਗੋਇੰਦਵਾਲ ਹੀ ਰਖਣ ਅਤੇ ਓਥੇ ਰਹਿਕੇ ਹੀ ਸਿੱਖੀ ਦਾ ਪ੍ਰਚਾਰ ਕਰਨ। ਗੋਇੰਦਵਾਲ ਕਿਉਂਕਿ ਵੱਡੀ ਸੜਕ ਦੇ ਉਤੇ ਸਥਿਤ ਸੀ ਇਸ ਲਈ ਇਸ ਸਥਾਨ ਤੇ ਦੂਰੋਂ ਦੂਰੋਂ ਲੋਕਾਂ ਦਾ ਆਉਣਾ ਆਸਾਨ ਸੀ।

ਜਦ 29 ਮਾਰਚ ਸੰਨ 1552 ਨੂੰ ਗੁਰੂ ਅੰਗਦ ਦੇਵ ਜੀ ਜੋਤੀ ਜੋਤ ਸਮਾ ਗਏ ਤਾਂ ਗੁਰੂ ਅਮਰ ਦਾਸ ਜੀ ਪੱਕੇ ਤੌਰ ਤੇ ਗੋਇੰਦਵਾਲ ਆ ਗਏ। ਹੁਣ ਭਾਈ ਜੇਠਾ ਜੀ ਨੂੰ ਗੁਰੂ ਦੀ ਸੇਵਾ ਕਰਨ ਦਾ ਸਮਾਂ ਮਿਲਿਆ। ਉਹ ਹਰ ਵੇਲੇ ਉਨ੍ਹਾਂ ਦੇ ਨਾਲ ਰਹਿੰਦੇ ਅਤੇ ਹਰ ਹੁਕਮ ਦੀ ਤੁਰੰਤ ਪਾਲਣਾ ਕਰਦੇ। ਸੰਗਤ ਵਾਸਤੇ ਹਰ ਸਮੇਂ ਲੰਗਰ ਵਰਤਦਾ ਸੀ, ਪਰ ਭਾਈ ਜੇਠਾ ਜੀ ਫਿਰ ਵੀ ਘੁੰਗਣੀਆਂ ਦੀ ਛਾਬੜੀ

ਲਾਉਂਦੇ। ਗੁਰੂ ਘਰ ਦੀ ਸੇਵਾ ਵਲੋਂ ਉਹ ਕਦੇ ਅਵੇਸਲੇ ਨਹੀਂ ਸਨ ਹੁੰਦੇ।

ਗੁਰੂ ਅਮਰ ਦਾਸ ਜੀ ਜਦ ਰੋਜ਼ ਵੇਖਦੇ ਕਿ ਭਾਈ ਜੇਠਾ ਜੀ ਦੀਵਾਨ ਦੀ ਹਾਜ਼ਰੀ ਵੀ ਭਰਦੇ ਸਨ, ਸੇਵਾ ਵੀ ਪੂਰੀ ਤਨਦੇਹੀ ਨਾਲ ਕਰਦੇ ਸਨ ਅਤੇ ਦਸਾਂ ਨੌਂਹਾਂ ਦੀ ਕਿਰਤ ਵੀ ਕਰਦੇ ਸਨ ਤਾਂ ਉਨ੍ਹਾਂ ਭਾਈ ਜੇਠਾ ਜੀ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, " ਬੇਟਾ! ਕੀ ਖਾਹਿਸ਼ ਲੈ ਕੇ ਇਥੇ ਆਏ ਹੋ।" ਭਾਈ ਜੇਠਾ ਜੀ ਨੇ ਕਿਹਾ, "ਮੈਂ ਸਭ ਖਾਹਿਸ਼ਾਂ ਛੱਡ ਕੇ ਇਥੇ ਆਇਆ ਹਾਂ।"

ਗੁਰੂ ਜੀ ਉਸ ਦਾ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ।



# ਵਿਆਹ

ਜਦ ਗੁਰੂ ਅਮਰ ਦਾਸ ਜੀ ਸੰਨ 1552 ਈਸਵੀ ਵਿਚ ਗੁਰ-ਗੱਦੀ 'ਤੇ ਬੈਠੇ ਸਨ ਤਾਂ ਭਾਈ ਜੇਠਾ ਜੀ ਦੀ ਉਮਰ ਅਠਾਰਾਂ ਸਾਲ ਦੀ ਹੋ ਗਈ ਸੀ। ਉਹ ਇਕ ਦਰਸ਼ਨੀ ਸ਼ਖਸੀਅਤ ਦੇ ਮਾਲਕ ਸਨ। ਲੰਮਾਂ ਗੁੰਦਵਾਂ ਸਰੀਰ ਅਤੇ ਨੂਰਾਨੀ ਚਿਹਰਾ ਹਰ ਵੇਖਣ ਵਾਲੇ ਦਾ ਦਿਲ ਮੋਹ ਲੈਂਦਾ ਸੀ।

ਇਹ ਦਸੰਬਰ 1552 ਦੀ ਗੱਲ ਹੈ ਕਿ ਇਕ ਦਿਨ ਮਾਤਾ ਮਨਸਾ ਦੇਵੀ ਨੇ ਗੁਰੂ ਅਮਰ ਦਾਸ ਜੀ ਨੂੰ ਕਿਹਾ ਕਿ ਬੀਬੀ ਭਾਨੀ ਹੁਣ ਸਿਆਣੀ ਉਮਰ ਦੀ ਹੋ ਗਈ ਹੈ ਇਸ ਲਈ ਉਸ ਵਾਸਤੇ ਕੋਈ ਯੋਗ ਵਰ ਲਭਣਾ ਚਾਹੀਦਾ ਹੈ। ਜਦ ਗੁਰੂ ਜੀ ਨੇ ਸੁਭਾਵਕ ਹੀ ਪੁੱਛ ਲਿਆ ਕਿ ਲੜਕਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ ਉਸ ਨੇ ਕਿਹਾ ਕਿ ਭਾਈ ਜੇਠਾ ਜੀ ਵਰਗਾ। ਗੁਰੂ ਅਮਰ ਦਾਸ ਜੀ ਨੇ ਕਿਹਾ ਫਿਰ ਉਸ ਵਰਗਾ ਤਾਂ ਉਹ ਹੀ ਹੈ।

ਅਸਲ ਵਿਚ ਗੁਰੂ ਅਮਰ ਦਾਸ ਜੀ ਅਤੇ ਮਾਤਾ ਮਨਸਾ ਦੇਵੀ ਜੀ ਭਾਈ ਜੇਠਾ ਜੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਅਤੇ ਉਨ੍ਹਾਂ ਦੇ ਮਿਲਾਪੜੇ ਸੁਭਾਅ ਤੋਂ ਵਾਕਿਫ ਸਨ ਅਤੇ ਕਾਫੀ ਸਮੇਂ ਤੋਂ ਇਹ ਮਨ ਬਣਾ ਚੁਕੇ ਸਨ ਕਿ ਭਾਈ ਜੇਠਾ ਜੀ ਬੀਬੀ ਭਾਨੀ ਵਾਸਤੇ ਯੋਗ ਵਰ ਸੀ। ਬੀਬੀ ਭਾਨੀ ਜੀ ਸਭ ਤੋਂ ਛੋਟਾ ਬੱਚਾ ਹੋਣ ਕਰਕੇ ਬੜੀ ਲਾਡਲੀ ਸੀ। ਉਹ ਵੀ ਗੁਰੂ ਜੀ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਹਰ ਵੇਲੇ ਉਨ੍ਹਾਂ ਦੀ ਸੇਵਾ ਵਿਚ ਲੱਗੀ ਰਹਿੰਦੀ ਸੀ। ਉਹ ਗੁਰੂ ਜੀ ਦੀ ਸੇਵਾ ਪਿਤਾ ਜੀ ਕਰਕੇ ਨਹੀਂ ਬਲਕਿ ਗੁਰੂ ਜੀ ਕਰਕੇ ਕਰਦੀ ਸੀ। ਉਹ ਸੁਭਾਅ ਦੀ ਸ਼ੁਸ਼ੀਲ, ਸੰਜਮੀਂ ਅਤੇ ਨਿਮਰਤਾ ਦੀ ਮੂਰਤ ਸੀ। ਗੁਰੂ ਜੀ ਦੀ ਸਿਖਿਆ 'ਤੇ ਚਲਦੀ ਉਹ ਹਰ ਵੇਲੇ ਪ੍ਰਭੂ ਦਾ ਸਿਮਰਨ ਕਰਦੀ। ਉਹ ਬੜੇ ਸਾਧੇ ਕਪੜੇ ਪਹਿਨ ਕੇ ਖੁਸ਼ ਹੁੰਦੀ ਸੀ ਅਤੇ ਗਹਿਣੇ ਤਾਂ ਬਿਲਕੁਲ ਪਾਉਣੇ ਪਸੰਦ ਨਹੀਂ ਸੀ ਕਰਦੀ।

ਉਹਨਾਂ ਦਾ ਨਿਤ ਵਿਹਾਰ ਇਹ ਸੀ ਕਿ ਉਹ ਅੰਮ੍ਰਿਤ ਵੇਲੇ ਉੱਠ ਕੇ ਗੁਰੂ ਜੀ ਨੂੰ ਆਪਣੇ ਹਥੀ-ਇਸ਼ਨਾਨ ਕਰਵਾਉਂਦੀ ਸੀ।

ਜਦ ਗੁਰੂ ਜੀ ਅਤੇ ਮਾਤਾ ਮਨਸਾ ਦੇਵੀ ਇਸ ਗੱਲ 'ਤੇ ਸਹਿਮਤ ਹੋ ਗਏ ਕਿ ਭਾਈ ਜੇਠਾ ਜੀ ਨਾਲ ਬੀਬੀ ਭਾਨੀ ਦਾ ਵਿਆਹ ਕਰ ਦਿੱਤਾ ਜਾਵੇ ਤਾਂ ਇਕ ਦਿਨ ਗੁਰੂ ਜੀ ਨੇ ਭਾਈ ਜੇਠਾ ਜੀ ਨੂੰ ਆਪਣੇ ਪਾਸ ਬੁਲਾਇਆ। ਭਾਈ ਜੇਠਾ ਜੀ ਹੱਥ ਜੋੜ ਕੇ ਨਮਸ਼ਕਾਰ ਕਰਕੇ ਉਨ੍ਹਾਂ ਦੇ ਪਾਸ ਬੈਠ ਗਏ। ਗੁਰੂ ਜੀ ਕਹਿਣ ਲੱਗੇ, "ਭਾਈ ਜੇਠਾ ਜੀ ਅਸੀਂ ਕੁਝ ਤੁਹਾਥੋਂ ਮੰਗਣਾ ਚਾਹੁੰਦੇ ਹਾਂ।"

ਭਾਈ ਜੇਠਾ ਜੀ ਬੋਲੇ; "ਮਹਾਰਾਜ ਹੁਕਮ ਕਰੋ ਮੇਰੀ ਜਾਨ ਵੀ ਹਾਜ਼ਰ ਹੈ, ਮੈਂ ਤਾਂ ਹਰ ਵੇਲੇ ਇਹੋ ਸੋਚਦਾ ਰਹਿੰਦਾ ਹਾਂ ਕਿ ਕਿਸੇ ਤਰ੍ਹਾਂ ਆਪ ਜੀ ਦੇ ਕੰਮ ਆ ਸਕਾਂ, ਆਪ ਜੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰ ਸਕਾਂ, ਆਪ ਦਾ ਹੁਕਮ ਸਿਰ ਮੱਥੇ, ਤੁਸੀਂ ਆਦੇਸ਼ ਕਰੋ।"

ਗੁਰੂ ਜੀ ਨੇ ਕਿਹਾ, "ਅਸੀਂ ਤੁਹਾਡਾ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ ਹਾਂ ਅਸੀਂ ਆਪਣੀ ਲਾਡਲੀ ਪੁੱਤਰੀ ਭਾਨੀ ਵਾਸਤੇ ਤੁਹਾਡਾ ਪੱਲਾ ਮੰਗਣਾ ਚਾਹੁੰਦੇ ਹਾਂ। ਸੋਚ ਵਿਚਾਰ ਕੇ ਸਾਨੂੰ ਦਸੋ।"

ਭਾਈ ਜੇਠਾ ਜੀ ਹੈਰਾਨ ਰਹਿ ਗਏ। ਉਹ ਆਪਣੇ ਆਪ ਨੂੰ ਗੁਰੂ ਘਰ ਦਾ ਸੇਵਾਦਾਰ ਸਮਝਦੇ ਸਨ। ਉਨ੍ਹਾਂ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਉਹ ਗੁਰੂ ਘਰ ਦੇ ਮਹਿਮਾਨ ਬਣ ਸਕਦੇ ਸਨ।

ਪਰ ਹੁਣ ਤਾਂ ਹੁਕਮ ਹੋਇਆ ਸੀ ਉਸ ਨੂੰ ਮੰਨਣਾ ਹੀ ਪੈਣਾ ਸੀ, ਇਸ ਲਈ ਉਹ ਕੁਝ ਦੇਰ ਚੁੱਪ ਬੈਠੇ ਰਹੇ।

ਕੁਝ ਦਿਨਾਂ ਬਾਅਦ ਹੀ ਗੁਰ-ਮਰਯਾਦਾ ਅਨੁਸਾਰ ਬੀਬੀ ਭਾਨੀ ਦਾ ਭਾਈ ਜੇਠਾ (ਰਾਮਦਾਸ ਜੀ) ਨਾਲ ਵਿਆਹ ਹੋ ਗਿਆ। ਬੀਬੀ ਭਾਨੀ ਜੀ ਅਤੇ (ਗੁਰੂ) ਰਾਮਦਾਸ ਜੀ ਗੁਰੂ ਜੀ ਤੋਂ ਵੱਖ ਹੋ ਕੇ ਹੋਰ ਕਿਤੇ ਨਹੀਂ ਜਾਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਨੇੜੇ ਹੀ ਵਖਰਾ ਮਕਾਨ ਦੇ ਦਿੱਤਾ ਜਾਵੇ ਤਾਕਿ ਉਹ ਪਹਿਲਾ ਦੀ ਤਰ੍ਹਾਂ ਹੀ ਉਨ੍ਹਾਂ ਦੀ ਸੇਵਾ ਕਰਦੇ ਰਹਿਣਾ। ਗੁਰੂ ਜੀ ਨੇ ਥੋੜ੍ਹੇ ਸਮੇਂ ਵਿਚ ਹੀ ਉਨ੍ਹਾਂ ਵਾਸਤੇ ਇਕ ਰਹਾਇਸ਼ੀ ਮਕਾਨ ਤਿਆਰ ਕਰਵਾ ਦਿੱਤਾ। (ਗੁਰੂ) ਰਾਮਦਾਸ ਅਤੇ ਬੀਬੀ ਭਾਨੀ ਨੇ ਨਿਤਕਰਮ ਪਹਿਲਾਂ ਵਾਂਗ ਹੀ ਜਾਰੀ ਰੱਖਿਆ।



# ਗੁਰ-ਗੱਦੀ

ਭਾਈ ਜੇਠਾ ਜੀ ਨੇ ਗੁਰੂ ਘਰ ਦਾ ਮਹਿਮਾਨ ਬਣਨ ਤੋਂ ਬਾਅਦ ਵੀ ਸੇਵਾ ਵਿਚ ਕੋਈ ਫ਼ਰਕ ਨਾ ਆਉਣ ਦਿੱਤਾ। ਉਹ ਪਹਿਲਾਂ ਵਾਂਗ ਹੀ ਲੰਗਰ ਦੀ ਸੇਵਾ ਕਰਦੇ, ਪੱਖਾ ਝਲਦੇ, ਪਾਣੀ ਪਿਆਉਂਦੇ ਅਤੇ ਟੋਕਰੀ ਢੋਂਦੇ ਸਨ। ਇਕ ਵਾਰ ਭਾਈ ਜੇਠਾ ਜੀ ਦੀ ਬਰਾਦਰੀ ਦੇ ਕੁਝ ਲੋਕ ਗੋਇੰਦਵਾਲ ਸਾਹਿਬ ਆਏ। ਉਨ੍ਹਾਂ ਨੇ ਏਥੇ ਆਕੇ ਜਦ ਵੇਖਿਆ ਕਿ ਭਾਈ ਜੇਠਾ ਜੀ ਗੁਰੂ ਘਰ ਦੇ ਮਹਿਮਾਨ ਹੋਣ ਦੇ ਬਾਵਜੂਦ ਟੋਕਰੀ ਢੋ ਰਹੇ ਹਨ ਤਾਂ ਉਹ ਬੜੇ ਗੁੱਸੇ ਵਿਚ ਆਏ। ਬੜੇ ਰੋਹ ਨਾਲ ਉਹ ਗੁਰੂ ਅਮਰ ਦਾਸ ਜੀ ਨੂੰ ਕਹਿਣ ਲੱਗੇ, "ਤੁਸੀਂ ਆਪਣੇ ਜਵਾਈ ਪਾਸੋਂ ਵੀ ਟੋਕਰੀ ਢਵਾਉਂਦੇ ਹੋ ਇਹ ਗੱਲ ਜਾਇਜ਼ ਨਹੀਂ। ਇਸ ਨਾਲ ਸੋਢੀ ਕੁਲ ਨੂੰ ਲਾਜ ਲਗਦੀ ਹੈ।"

ਪਰ ਗੁਰੂ ਜੀ ਨੇ ਕਿਹਾ, "ਇਨ੍ਹਾਂ ਤੁਹਾਡੀ ਕੁਲ ਨੂੰ ਕੀ ਲਾਜ ਲਾਉਣੀ ਹੈ, ਇਹਨਾਂ ਨੇ ਤਾਂ ਤੁਹਾਡੀ ਕੁਲ ਨੂੰ ਤਾਰ ਦੇਣਾ ਹੈ। ਕੁਲ ਦਾ ਨਾਂ ਚਮਕਾ ਦੇਣਾ ਹੈ। ਇਹ ਜਿਹੜੀ ਤੁਸੀਂ ਮਿੱਟੀ ਦੀ ਟੋਕਰੀ ਵੇਖਦੇ ਹੋ ਇਹ ਮਿੱਟੀ ਦੀ ਟੋਕਰੀ ਨਹੀਂ, ਇਹਨਾਂ ਦੇ ਸੀਸ ਤੇ ਛੱਤਰ ਝੁਲਣਾ ਏਂ। ਇਹ ਸੇਵਾ ਰੂਪ ਮਿਕਨਾਤੀਸ ਹੈ ਜਿਸ ਨੇ ਹੁਣ ਮੈਨੂੰ ਇਨ੍ਹਾਂ ਦੇ ਵੱਸ ਵਿਚ ਕਰ ਦਿੱਤਾ ਹੈ।" ਬਾਅਦ ਵਿਚ ਭਾਈ ਜੇਠਾ ਜੀ ਨੇ ਵੀ ਆਪਣੀ ਬਰਾਦਰੀ ਦੇ ਲੋਕਾਂ ਨੂੰ ਕਿਹਾ "ਤੁਸੀਂ ਲੋਕ ਸੇਵਾ ਦੇ ਰਹੱਸ ਨੂੰ ਨਹੀਂ ਸਮਝ ਸਕਦੇ। ਮੈਂ ਇਨ੍ਹਾਂ ਦਾ ਮਹਿਮਾਨ ਜ਼ਰੂਰ ਹਾਂ ਪਰ ਗੁਰੂ ਜੀ ਦਾ ਸੇਵਕ ਹੀ ਹਾਂ। ਜੋ ਗੁਰੂ ਸੇਵਾ ਵਿਚ ਅਨੰਦ ਹੈ ਉਹ ਹੋਰ ਕਿਸੇ ਦੁਨਿਆਵੀ ਵਸਤੂ ਵਿਚੋਂ ਪ੍ਰਾਪਤ ਨਹੀਂ ਹੋ ਸਕਦਾ। ਮੈਨੂੰ ਹੁਣ ਕਿਸੇ ਵਸਤੂ ਦੀ ਕਾਮਨਾ ਨਹੀਂ, ਪਰ ਤੁਸੀਂ ਹਾਲੇ ਵੀ ਕਾਮਨਾਵਾਂ ਪਿਛੇ ਭਟਕਦੇ ਫਿਰਦੇ ਹੋ। ਮੈਂ ਸਭ ਕੁਝ ਪਾ ਲਿਆ ਹੈ ਅਤੇ ਇਨ੍ਹਾਂ ਮਜ਼੍ਹਬਾਂ-ਮਿਲਤਾਂ ਅਤੇ ਕੁਲਾਂ ਤੋਂ ਅਭਿੱਜ ਹੋ ਗਿਆ ਹਾਂ। ਮੇਰਾ ਹੁਣ ਤੁਹਾਡੇ ਨਾਲ ਕੋਈ ਨਾਤਾ ਨਹੀਂ। ਮੇਰੇ ਬਾਰੇ ਤੁਹਾਨੂੰ ਕੁਝ ਕਹਿਣ ਦੀ ਲੋੜ ਨਹੀਂ।"

ਭਾਈ ਜੇਠਾ ਜੀ ਦੀ ਬ੍ਰਾਦਰੀ ਦੇ ਲੋਕ ਇਹ ਗੱਲਾਂ ਸੁਣ ਕੇ ਚੁਪ ਕੀਤੇ ਲਾਹੌਰ ਨੂੰ ਤੁਰ ਗਏ।

ਭਾਈ ਜੇਠਾ ਜੀ ਦੀ ਸੇਵਾ ਨਿਸ਼ਕਾਮ ਸੀ। ਉਨ੍ਹਾਂ ਦੇ ਹਿਰਦੇ ਵਿਚ ਗ਼ਰੀਬੀ ਵਸਦੀ ਸੀ ਤੇ ਚਿੱਤ ਹਰ ਵੇਲੇ ਸਿਮਰਨ ਵਿਚ ਲੱਗਾ ਰਹਿੰਦਾ ਸੀ। ਉਨ੍ਹਾਂ ਦੀ ਅਜਿਹੀ ਸੇਵਾ ਨੂੰ ਵੇਖ ਕੇ ਗੁਰੂ ਅਮਰ ਦਾਸ ਜੀ ਨੇ ਉਨ੍ਹਾਂ ਨੂੰ ਗੁਰ-ਗੱਦੀ ਦੇਣ ਦਾ ਮਨ ਬਣਾ ਲਿਆ ਸੀ। ਪਰ ਕੁਝ ਸੰਗਤਾਂ ਭਾਈ ਰਾਮਾ ਜੀ ਜਿਹੜੇ ਕਿ ਬੀਬੀ ਦਾਨੀ ਨਾਲ ਵਿਆਹੇ ਹੋਏ ਸਨ, ਨੂੰ ਗੁਰ-ਗੱਦੀ ਦਾ ਹੱਕਦਾਰ ਸਮਝਦੇ ਸਨ। ਭਾਈ ਰਾਮਾ ਜੀ ਆਪ ਸੇਵਾ ਕਰਦੇ ਅਤੇ ਦੂਸਰਿਆਂ ਪਾਸੋਂ ਕਰਵਾਉਂਦੇ ਸਨ। ਸਿੱਖ ਸੰਗਤ ਇਹੋ ਅੰਦਾਜ਼ੇ ਲਾਉਂਦੀ ਰਹਿੰਦੀ ਕਿ ਭਾਈ ਰਾਮਾ ਤੇ ਭਾਈ ਜੇਠਾ ਵਿਚੋਂ ਕੌਣ ਗੁਰ-ਗੱਦੀ ਦਾ ਵਾਰਸ ਬਣੇਗਾ। ਲੋਕਾਂ ਦੇ ਮਨਾਂ ਦੇ ਭੁਲੇਖਿਆਂ ਨੂੰ ਦੂਰ ਕਰਨ ਵਾਸਤੇ ਗੁਰੂ ਜੀ ਨੇ ਭਾਈ ਰਾਮਾ ਅਤੇ ਭਾਈ ਜੇਠਾ ਨੂੰ ਬੁਲਾ ਕੇ ਕਿਹਾ," ਮੈਨੂੰ ਦੋ ਵਧੀਆ ਥੜੇ ਬਣਾ ਕੇ ਦੇਵੋ ਜਿਨ੍ਹਾਂ ਉੱਤੇ ਬੈਠ ਕੇ ਮੈਂ ਸਤਿਸੰਗ ਕਰਿਆ ਕਰਾਂ। ਇਹ ਥੜੇ ਹਰ ਪਖੋਂ ਪੂਰਣ ਹੋਣੇ ਚਾਹੀਦੇ ਹਨ ।"

ਅਗਲੇ ਦਿਨ ਤੋਂ ਭਾਈ ਰਾਮਾ ਅਤੇ ਭਾਈ ਜੇਠਾ ਥੜੇ ਬਣਾਉਣ ਲੱਗ ਪਏ, ਪਰ ਗੁਰੂ ਜੀ ਸ਼ਾਮ ਨੂੰ ਜਾ ਕੇ ਜਦ ਥੜਿਆਂ ਦਾ ਨਿਰੀਖਣ ਕਰਦੇ ਤਾਂ ਉਨ੍ਹਾਂ ਵਿਚ ਨੁਕਸ ਕੱਢ ਕੇ ਢਾਹੁਣ ਦਾ ਹੁਕਮ ਦੇ ਦਿੰਦੇ, ਇਸ ਤਰ੍ਹਾਂ ਕਈ ਦਿਨ ਚਲਦਾ ਰਿਹਾ। ਸੱਤਵੇਂ ਦਿਨ ਜਦ ਉਨ੍ਹਾਂ ਥੜੇ ਬਣਾਏ ਤਾਂ ਗੁਰੂ ਜੀ ਭਾਈ ਰਾਮਾ ਜੀ ਪਾਸ ਗਏ ਅਤੇ ਉਸ ਦੇ ਬਣਾਏ ਥੜੇ ਨੂੰ ਵੇਖ ਕੇ ਕਹਿਣ ਲੱਗੇ, "ਇਹ ਪੂਰੀ ਮਿਣਤੀ ਅਨੁਸਾਰ ਨਹੀਂ ਬਣਿਆ, ਇਸ ਨੂੰ ਫਿਰ ਬਣਾਓ।" ਪਰ ਭਾਈ ਰਾਮਾ ਜੀ ਨੇ ਦੁਬਾਰਾ ਥੜਾ ਬਣਾਉਣ ਤੋਂ ਇਨਕਾਰ ਕਰ ਦਿੱਤਾ। ਫਿਰ ਉਹ ਭਾਈ ਜੇਠਾ ਜੀ ਪਾਸ ਗਏ ਅਤੇ ਉਸ ਦਾ ਥੜਾ ਵੇਖ ਕੇ ਵੀ ਸਿਰ ਫੇਰ ਦਿੱਤਾ ਅਤੇ ਕਿਹਾ ਇਹ ਠੀਕ ਨਹੀਂ ਬਣਿਆ। ਭਾਈ ਜੇਠਾ ਜੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਹੱਥ ਜੋੜ ਕੇ ਖਲੋ ਗਏ ਅਤੇ ਕਹਿਣ ਲੱਗੇ, "ਹਜ਼ੂਰ ਮੇਰੀ ਤੁਛ ਬੁੱਧੀ ਹੈ, ਮੈਂ ਤੁਹਾਡੇ ਮਿਆਰ ਅਨੁਸਾਰ ਪੂਰਾ ਨਹੀਂ ਉਤਰਿਆ ਹਾਂ, ਮੇਰੇ ਉਤੇ ਮਿਹਰ ਦੀ ਨਜ਼ਰ ਕਰੋ ਤਾਂ ਜੋ ਮੈਂ ਇਸ ਨੂੰ ਤੁਹਾਡੀ ਮਨਸ਼ਾ ਅਨੁਸਾਰ ਬਣਾ ਸਕਾਂ।"

ਭਾਈ ਜੇਠਾ ਜੀ ਦੀ ਇਹ ਗੱਲ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਓਸੇ ਵੇਲੇ ਬਾਬਾ ਬੁਢਾ ਜੀ ਨੂੰ ਆਦੇਸ਼ ਕੀਤਾ ਕਿ ਭਾਈ ਜੇਠਾ (ਰਾਮਦਾਸ ਜੀ) ਨੂੰ ਇਸ਼ਨਾਨ ਕਰਵਾ ਕੇ ਸੁੰਦਰ ਕੱਪੜੇ ਪਵਾਏ ਜਾਣ। ਫਿਰ ਉਨ੍ਹਾਂ ਸ੍ਰੀ ਰਾਮਦਾਸ ਜੀ ਨੂੰ ਗੁਰ-ਗੱਦੀ ਤੇ ਬਿਠਾ ਕੇ ਪੰਜ ਪੈਸੇ ਅਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾ ਕੀਤੀਆਂ ਅਤੇ ਮੱਥਾ ਟੇਕਿਆ। ਫਿਰ ਸਾਰੀ ਸੰਗਤ ਨੇ ਆ ਮੱਥਾ ਟੇਕਿਆ, ਇਨ੍ਹਾਂ ਵਿਚ ਗੁਰੂ ਜੀ ਦਾ ਪੁੱਤਰ ਮੋਹਰੀ ਵੀ ਸ਼ਾਮਲ ਸੀ।



# ਗੁਰੂ ਰਾਮਦਾਸ ਚੱਕ

ਗੁਰੂ ਅਮਰ ਦਾਸ ਜੀ ਇਕ ਨਵਾਂ ਸ਼ਹਿਰ ਵਸਾਉਣਾ ਚਾਹੁੰਦੇ ਸਨ। ਜੂਨ 1570 ਈਸਵੀਂ ਨੂੰ ਉਨ੍ਹਾਂ ਸ੍ਰੀ ਰਾਮਦਾਸ ਨੂੰ ਆਪਣੇ ਨਾਲ ਲਿਆ ਅਤੇ ਉਸ ਸਥਾਨ 'ਤੇ ਪੁੱਜੇ ਜਿਥੇ ਉਹ ਨਵਾਂ ਸ਼ਹਿਰ ਵਸਾਉਣਾ ਚਾਹੁੰਦੇ ਸੀ। ਇਹ ਉਹ ਅਸਥਾਨ ਸੀ ਜਿਥੇ ਗੁਰੂ ਨਾਨਕ ਦੇਵ ਜੀ ਵੀ 1497 ਈਸਵੀਂ ਨੂੰ ਆ ਕੇ ਠਹਿਰੇ ਸਨ। ਇਸ ਥਾਂ ਬਾਰੇ ਹੀ ਉਨ੍ਹਾਂ ਨੇ ਵਚਨ ਕੀਤੇ ਸਨ ਕਿ ਇਥੇ ਕੋਈ ਨਵਾਂ ਤੀਰਥ ਪ੍ਰਗਟ ਹੋਵੇਗਾ ਅਤੇ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਵੀ ਬਣੇਗਾ। ਗੁਰੂ ਅਮਰ ਦਾਸ ਜੀ ਵੀ ਇਕ ਵਾਰ ਪਹਿਲਾਂ ਇਥੇ ਆਏ ਸਨ। ਉਸ ਸਮੇਂ ਉਨ੍ਹਾਂ ਨੂੰ ਇਸ ਜੰਗਲ ਵਿਚੋਂ ਇਕ ਅਜਿਹੀ ਬੂਟੀ ਮਿਲੀ ਸੀ ਜਿਸ ਨਾਲ ਗੁਰੂ ਅੰਗਦ ਦੇਵ ਜੀ ਦੀ ਉਂਗਲੀ ਦਾ ਪੁਰਾਣਾ ਜ਼ਖਮ ਠੀਕ ਹੋ ਗਿਆ ਸੀ।

ਗੁਰੂ ਅਮਰ ਦਾਸ ਜੀ ਉਸ ਸਥਾਨ ਤੇ ਪਹੁੰਚ ਕੇ ਸੁਲਤਾਨ ਵਿੰਡ, ਤੁੰਗ, ਗਿਲਵਾਲੀ ਗੁੰਮਟਾਲਾ ਆਦਿ ਪਿੰਡਾਂ ਦੇ ਚੌਧਰੀਆਂ ਨੂੰ ਬੁਲਾਇਆ ਅਤੇ ਉਨ੍ਹਾਂ ਪਾਸ ਇਕ ਨਵਾਂ ਸ਼ਹਿਰ ਵਸਾਉਣ ਦੀ ਤਜਵੀਜ਼ ਰੱਖੀ। ਸਾਰੇ ਚੌਧਰੀਆਂ ਨੇ ਸਹਿਮਤੀ ਪਰਗਟ ਕੀਤੀ ਅਤੇ ਗੁਰੂ ਅਮਰ ਦਾਸ ਜੀ ਦੀ ਮੰਗ ਅਨੁਸਾਰ ਜ਼ਮੀਨ ਦੇਣੀ ਮੰਨ ਗਏ। ਗੁਰੂ ਜੀ ਨੇ ਸੱਤ ਸੌ ਅਕਬਰੀ ਰੁਪਈਆ ਤਾਰ ਕੇ ਜ਼ਮੀਨ ਦਾ ਪਟਾ ਆਪਣੇ ਨਾਂ ਕਰਵਾ ਲਿਆ।

ਗੁਰੂ ਅਮਰ ਦਾਸ ਜੀ ਸ੍ਰੀ ਰਾਮਦਾਸ ਜੀ ਨੂੰ ਸ਼ਹਿਰ ਵਸਾਉਣ ਦੀ ਹਦਾਇਤ ਕਰਕੇ ਆਪ ਵਾਪਸ ਗੋਇੰਦਵਾਲ ਚਲੇ ਗਏ।

ਸ੍ਰੀ ਰਾਮਦਾਸ ਜੀ ਨੇ ਸਭ ਤੋਂ ਪਹਿਲਾਂ ਆਪਣੀ ਰਿਹਾਇਸ਼ ਵਾਸਤੇ ਮਕਾਨ ਬਣਾਉਣੇ ਆਰੰਭ ਕੀਤੇ। ਇਨ੍ਹਾਂ ਰਿਹਾਇਸ਼ੀ ਮਕਾਨਾਂ ਨੂੰ ਬਾਅਦ ਵਿਚ ਗੁਰੂ ਕੇ ਮਹਿਲ ਕਿਹਾ ਜਾਣ ਲੱਗਾ। ਇਨ੍ਹਾਂ ਰਿਹਾਇਸ਼ੀ ਮਕਾਨਾਂ ਦੇ ਬਿਲਕੁਲ ਨਾਲ ਇਕ ਬਾਜ਼ਾਰ ਵੀ ਉਸਾਰਿਆ ਗਿਆ ਜਿਸ ਨੂੰ ਗੁਰੂ ਬਾਜ਼ਾਰ ਕਹਿੰਦੇ ਹਨ।

ਜਦ ਰਿਹਾਇਸ਼ੀ ਮਕਾਨਾਂ ਅਤੇ ਵਪਾਰਕ ਕੇਂਦਰ ਦੀ ਉਸਾਰੀ ਹੋ ਗਈ ਤਾਂ ਸ੍ਰੀ ਰਾਮਦਾਸ ਜੀ ਨੂੰ ਗੋਇੰਦਵਾਲ ਬੁਲਾ ਲਿਆ। ਏਥੇ ਜਦ ਉਨ੍ਹਾਂ ਨੂੰ ਗੁਰ-ਗੱਦੀ ਦੀ ਜ਼ਿੰਮੇਂਵਾਰੀ ਬਖਸ਼ੀ ਗਈ ਤਾਂ ਗੁਰੂ ਅਮਰ ਦਾਸ ਜੀ ਨੇ ਉਨ੍ਹਾਂ ਨੂੰ ਇਹ ਵੀ ਆਦੇਸ਼ ਕਰ ਦਿੱਤਾ ਕਿ ਉਹ ਆਪਣੀ ਰਹਾਇਸ਼ ਨਵੇਂ ਵਸਾਏ ਸ਼ਹਿਰ ਵਿਚ ਕਰਨ ਅਤੇ ਸ਼ਹਿਰ ਦੀ ਰਹਿੰਦੀ ਉਸਾਰੀ ਨੂੰ ਸੰਪੂਰਣ ਕਰਨ।

ਗੁਰੂ ਰਾਮਦਾਸ ਜੀ ਦੇ ਗੱਦੀ ਤੇ ਬੈਠਣ ਬਾਅਦ ਦਾ ਕੁਝ ਸਮਾਂ ਸਿੱਖ-ਸੰਗਤਾਂ ਨੂੰ ਇਕ-ਮੁੱਠ ਕਰਨ ਵਿਚ ਲੱਗ ਗਿਆ। ਬਾਬਾ ਮੋਹਣ ਜੀ ਵਲੋਂ ਵਿਰੋਧਤਾ ਕਰਨ ਕਰਕੇ ਉਹ ਕੁਝ ਸਮਾਂ ਇਕਾਂਤ ਵਿਚ ਰਹਿ ਕੇ ਗੁਰਬਾਣੀ ਪੜ੍ਹਣ, ਲਿਖਣ ਅਤੇ ਸਮਝਣ ਵਿਚ ਵਿਲੀਨ ਰਹੇ। ਫਿਰ ਆਪ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਨਵੇਂ ਉਸਾਰੇ ਮਕਾਨਾਂ 'ਰਾਮਦਾਸ ਚੱਕ' ਵਿਚ ਆ ਟਿਕੇ।

ਸਭ ਸਿੱਖ ਸੰਗਤਾਂ ਸ਼ਹਿਰ ਦੀ ਉਸਾਰੀ ਵਿਚ ਜੁੱਟ ਗਈਆਂ। ਸਭ ਤੋਂ ਪਹਿਲਾਂ ਸੰਤੋਖ ਸਰ ਸਰੋਵਰ

ਦੀ ਖੁਦਵਾਈ ਹੋਈ। ਇਸ ਸਰੋਵਰ ਦੇ ਨਾਲ ਮਜ਼ਦੂਰਾਂ ਅਤੇ ਕਾਰੀਗਰਾਂ ਨੇ ਵੀ ਆਪਣੇ ਮਕਾਨ ਉਸਾਰ ਲਏ। ਏਥੇ ਹੀ ਲੰਗਰ ਦਾ ਪ੍ਰਬੰਧ ਕਰ ਦਿੱਤਾ ਗਿਆ, ਜਿਥੇ ਹਰ ਵਿਅਕਤੀ ਕਿਸੇ ਭਿੰਨ-ਭਾਵ ਦੇ ਬਗੈਰ ਪ੍ਰਸ਼ਾਦ ਛਕ ਸਕਦਾ ਸੀ।

ਗੁਰੂ ਰਾਮਦਾਸ ਜੀ ਨੇ ਦੂਰ ਦੂਰ ਸੁਨੇਹੇ ਭੇਜ ਦਿੱਤੇ ਕਿ ਏਥੇ ਇਕ ਅਨੂਪਮ ਸ਼ਹਿਰ ਵਸਾਇਆ ਜਾ ਰਿਹਾ ਹੈ ਜਿਥੇ ਹਰ ਪ੍ਰਕਾਰ ਦੇ ਕਿੱਤੇ ਦੇ ਵਸਨੀਕਾਂ ਦੀ ਲੋੜ ਹੈ। ਰਿਹਾਇਸ਼ ਅਤੇ ਦੁਕਾਨਾਂ ਵਾਸਤੇ ਥਾਂ ਮੁਫ਼ਤ ਦਿੱਤੀ ਜਾਵੇਗੀ ਅਤੇ ਮਕਾਨਾਂ ਦੀ ਉਸਾਰੀ ਵਾਸਤੇ ਵੀ ਸਹਾਇਤਾ ਕੀਤੀ ਜਾਵੇਗੀ।

ਗੁਰੂ ਸਾਹਿਬ ਦਾ ਹੁਕਮ ਸੁਣ ਸੰਗਤਾਂ ਵਹੀਰਾਂ ਘੱਤ ਕੇ ਪਹੁੰਚ ਗਈਆਂ। ਕੁਝ ਸਮੇਂ ਵਿਚ ਇਕ ਯੋਜਨਾ ਬੱਧ ਸ਼ਹਿਰ ਦੀ ਉਸਾਰੀ ਹੋ ਗਈ। ਸ਼ਹਿਰ ਦਾ ਨਾਂ *'ਗੁਰੂ ਰਾਮਦਾਸ ਚੱਕ'* ਰਖਿਆ ਗਿਆ।



# ਅੰਮ੍ਰਿਤ ਕੁੰਡ ਦਾ ਪ੍ਰਗਟ ਹੋਣਾ

ਜਦ ਗੁਰੂ ਰਾਮਦਾਸ ਜੀ ਸ਼ਹਿਰ ਦੀ ਉਸਾਰੀ ਕਰਵਾ ਰਹੇ ਸਨ ਤਾਂ ਉਸ ਸਮੇਂ ਇਕ ਅਜੀਬ ਘਟਨਾ ਵਾਪਰੀ। ਜਿਸ ਅੰਮ੍ਰਿਤ ਕੁੰਡ ਬਾਰੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਇਸ਼ਾਰਾ ਕਰ ਗਏ ਸਨ ਉਹ ਅਚਣਚੇਤ ਹੀ ਪ੍ਰਗਟ ਹੋ ਗਿਆ।

ਇਤਿਹਾਸ ਵਿਚ ਲਿਖਿਆ ਹੈ ਕਿ ਦੁਨੀ ਚੰਦ ਨਾਮੀ ਖੱਤਰੀ ਪੱਟੀ ਕਸਬੇ ਦਾ ਇਕ ਵੱਡਾ ਜ਼ਿੰਮੀਂਦਾਰ ਸੀ। ਉਹ ਬੜਾ ਘੁਮੰਡੀ ਅਤੇ ਹੈਂਕੜਬਾਜ਼ ਸੀ। ਉਸ ਨੂੰ ਆਪਣੇ ਆਪ ਉੱਤੇ ਬਹੁਤ ਮਾਣ ਸੀ। ਉਸ ਦੀਆਂ ਪੰਜ ਧੀਆਂ ਸਨ। ਉਹ ਆਪਣੀਆਂ ਧੀਆਂ ਦਾ ਚੰਗਾ ਪਾਲਣ-ਪੋਸ਼ਣ ਕਰ ਰਿਹਾ ਸੀ। ਜੋ ਵੀ ਮੰਗਦੀਆਂ ਉਹ ਲਿਆ ਕੇ ਦਿੰਦਾ। ਇਕ ਦਿਨ ਘੁਮੰਡ ਵਿਚ ਆ ਕੇ ਉਸ ਆਪਣੀਆਂ ਧੀਆਂ ਨੂੰ ਪੁੱਛਿਆ ਕਿ ਤੁਹਾਨੂੰ ਖਾਣ ਨੂੰ ਕੌਣ ਦਿੰਦਾ ਹੈ। ਵਡੀਆਂ ਚਾਰ ਧੀਆਂ ਨੇ ਤਾਂ ਬੜੀ ਨਿਮਰਤਾ ਨਾਲ ਕਿਹਾ, "ਪਿਤਾ ਜੀ ਤੁਸੀਂ ਹੀ ਸਭ ਕੁਝ ਦਿੰਦੇ ਹੋ, ਤੁਸੀਂ ਹੀ ਸਾਡਾ ਆਸਰਾ ਹੋ।" ਪਰ ਸਭ ਤੋਂ ਛੋਟੀ ਲੜਕੀ ਜਿਸ ਦਾ ਨਾਂ ਰਜਨੀ ਸੀ, ਚੁੱਪ ਰਹੀ। ਉਹ ਛੋਟੀ ਉਮਰ ਵਿਚ ਆਪਣੇ ਨਾਨਕੇ ਲਾਹੌਰ ਰਹੀ ਸੀ ਤੇ ਉਥੇ ਉਸ ਦੇ ਨਾਨਾ ਨਾਨੀ ਗੁਰੂ ਅਮਰ ਦਾਸ ਜੀ ਦੇ ਸਿੱਖ ਸਨ। ਉਸ ਨੇ ਆਪਣੀ ਮੁੱਢਲੀ ਸਿਖਿਆ ਆਪਣੇ ਨਾਨਕਿਆਂ ਤੋਂ ਹੀ ਲਈ ਸੀ ਅਤੇ ਉਸ ਦਾ ਵਿਸ਼ਵਾਸ ਹੋ ਗਿਆ ਸੀ ਕਿ ਪਰਮਾਤਮਾ ਇਕ ਹੈ ਅਤੇ ਉਹ ਸਭ ਦਾ ਰਿਜ਼ਕ ਦਾਤਾ ਹੈ। ਜਦ ਉਹ ਕੁਝ ਨਾ ਬੋਲੀ ਤਾਂ ਦੁਨੀ ਚੰਦ ਫਿਰ ਬੋਲਿਆ, "ਰਜਨੀ ਤੂੰ ਕੁਝ ਜਵਾਬ ਨਹੀਂ ਦਿੱਤਾ, ਦੱਸ ਤੈਨੂੰ ਖਾਣ ਨੂੰ ਕੌਣ ਦਿੰਦਾ ਹੈ।" ਇਸ ਵਾਰ ਰਜਨੀ ਨਿਰਭੈਅ ਹੋ ਕੇ ਬੋਲੀ, "ਪਰਮਾਤਮਾ ਹੀ ਦਿੰਦਾ ਹੈ।" ਰਜਨੀ ਦਾ ਇਹ ਉੱਤਰ ਸੁਣ ਕੇ ਦੁਨੀ ਚੰਦ ਸੜ ਬਲ ਗਿਆ ਅਤੇ ਉਸ ਨੇ ਇਹ ਮਨ ਬਣਾ ਲਿਆ ਕਿ ਉਹ ਰਜਨੀ ਨੂੰ ਇਸ ਗੁਸਤਾਖ਼ੀ ਦਾ ਸਬਕ ਸਿਖਾਵੇਗਾ। ਬਾਕੀ ਲੜਕੀਆਂ ਦੇ ਵਿਆਹ ਉਸ ਚੰਗੇ ਘਰਾਂ ਵਿਚ ਕਰ ਦਿੱਤੇ ਪਰ ਜਦ ਰਜਨੀ ਜਵਾਨ ਹੋਈ ਤਾਂ ਉਸ ਦਾ ਵਿਆਹ ਕਰਨ ਦੀ ਉਸ ਕੋਈ ਚਿੰਤਾ ਨਾ ਕੀਤੀ। ਰਜਨੀ ਦੀ ਮਾਤਾ ਜਦ ਇਸ ਬਾਰੇ ਕਹਿੰਦੀ ਤਾਂ ਉਹ ਇਹ ਕਹਿ ਕੇ ਟਾਲ ਦਿੰਦਾ ਕਿ ਇਸ ਦੇ ਪਰਮਾਤਮਾ ਨੂੰ ਇਹ ਫਿਕਰ ਕਰਨਾ ਚਾਹੀਦਾ ਹੈ, ਮੈਨੂੰ ਇਸ ਬਾਰੇ ਸੋਚਣ ਦੀ ਕੀ ਲੋੜ ਹੈ? ਪਰ ਜਦ ਉਸ ਦੀ ਮਾਂ ਨੇ ਬਹੁਤ ਜ਼ੋਰ ਦਿੱਤਾ ਤਾਂ ਉਸ ਨੇ ਉਸ ਦੀ ਸ਼ਾਦੀ ਇਕ ਅਪਾਹਜ਼ ਕੋੜ੍ਹੀ ਨਾਲ ਕਰ ਦਿੱਤੀ। ਰਜਨੀ ਨੇ ਇਸ ਗੱਲ ਦਾ ਕੋਈ ਵਿਰੋਧ ਨਾ ਕੀਤਾ ਤੇ ਆਪਣੇ ਕੋੜ੍ਹੀ ਪਤੀ ਨੂੰ ਪਰਮੇਸ਼ਵਰ ਸਮਝ ਕੇ ਉਸਦੀ ਸੇਵਾ ਕਰਨ ਲੱਗ ਗਈ। ਜਦ ਦੁਨੀ ਚੰਦ ਨੇ ਵੇਖਿਆ ਕਿ ਇਸ ਘਟਨਾ ਦਾ ਰਜਨੀ 'ਤੇ ਕੋਈ ਪ੍ਰਭਾਵ ਨਹੀਂ ਪਿਆ ਤਾਂ ਉਸ ਰਜਨੀ ਨੂੰ ਘਰ ਛੱਡਣ ਦਾ ਆਦੇਸ਼ ਦੇ ਦਿੱਤਾ। ਰਜਨੀ ਦੀ ਗੁਰੂ ਘਰ ਉੱਤੇ ਬੜੀ ਸ਼ਰਧਾ ਸੀ। ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਰਾਮਦਾਸ ਜੀ ਸੁਲਤਾਨਵਿੰਡ ਨੇੜੇ ਇਕ ਸ਼ਹਿਰ ਦੀ ਉਸਾਰੀ ਕਰ ਰਹੇ ਹਨ ਤਾਂ ਉਹ ਆਪਣੇ ਪਤੀ ਨੂੰ ਇਕ ਟੋਕਰੀ ਵਿਚ ਚੁੱਕ ਕੇ 'ਗੁਰੂ ਰਾਮਦਾਸ ਚੱਕ' ਪੁਜ ਗਈ। ਉਹ ਸਾਰਾ ਦਿਨ ਗੁਰੂ ਘਰ ਦੀ ਸੇਵਾ ਕਰਦੀ ਅਤੇ ਰੋਟੀ ਸਾਂਝੇ ਲੰਗਰ ਵਿਚੋਂ ਛੱਕ

ਕੇ ਆਪਣੇ ਪਤੀ ਨੂੰ ਵੀ ਖਵਾ ਆਉਂਦੀ। ਇਕ ਦਿਨ ਇਕ ਬੇਰੀ ਥੱਲੇ ਆਪਣੇ ਪਤੀ ਨੂੰ ਬਿਠਾ ਕੇ ਜਦ ਸੇਵਾ ਕਰਨ ਗਈ ਤਾਂ ਉਸ ਦੇ ਪਤੀ ਨੇ ਵੇਖਿਆ ਕਿ ਦੋ ਕਾਂ ਇਕ ਰੋਟੀ ਦੇ ਟੁਕੜੇ ਤੋਂ ਲੜਦੇ ਲੜਦੇ ਉਸ ਦੇ ਲਾਗਲੀ ਛਪੜੀ ਵਿਚ ਡਿੱਗ ਪਏ। ਜਦ ਉਹ ਬਾਹਰ ਨਿਕਲੇ ਤਾਂ ਉਹਨਾਂ ਦੇ ਰੰਗ ਬਗਲਿਆਂ ਵਾਂਗ ਸਫੇਦ ਹੋਏ ਸਨ।.ਉਹ ਕੋੜ੍ਹੀ ਵੀ ਰਿੜ੍ਹਦਾ ਰਿੜ੍ਹਦਾ ਉਸ ਛਪੜੀ ਤਕ ਪੁਜਾ ਤੇ ਉਸ ਛਪੜੀ ਵਿਚ ਇਸ਼ਨਾਨ ਕੀਤਾ।ਜਦ ਉਹ ਬਾਹਰ ਨਿਕਲਿਆ ਤਾਂ ਉਸਦਾ ਕੋੜ੍ਹ ਬਿਲਕੁਲ ਠੀਕ ਹੋ ਚੁਕਾ ਸੀ। ਉਹ ਦੁਬਾਰਾ ਬੇਰੀ ਥੱਲੇ ਆ ਬੈਠਾ। ਜਦ ਰਜਨੀ ਲੰਗਰ ਵਿਚੋਂ ਪ੍ਰਸ਼ਾਦੇ ਲੈਕੇ ਪੁੱਜੀ ਤਾਂ ਉਸ ਵੇਖਿਆ ਕਿ ਇਕ ਸੁੰਦਰ ਨੌਜਵਾਨ ਬੇਰੀ ਥਲੇ ਬੈਠਾ ਸੀ। ਉਹ ਉਸ ਨੂੰ ਪਹਿਚਾਣ ਨਾ ਸਕੀ। ਉਸਦੇ ਪਤੀ ਨੇ ਬਹੁਤ ਵਾਰ ਕਿਹਾ ਕਿ ਉਹ ਉਸਦਾ ਪਤੀ ਹੈ, ਪਰ ਉਹ ਨਾ ਮੰਨੀ ਤੇ ਉਸ ਨੂੰ ਨਾਲ ਲੈ ਕੇ ਗੁਰੂ ਰਾਮਦਾਸ ਪਾਸ ਆ ਗਈ। ਗੁਰੂ ਰਾਮਦਾਸ ਜੀ ਨੇ ਉਸਨੂੰ ਤਸੱਲੀ ਦਿੱਤੀ ਕਿ ਉਹ ਹੀ ਉਸਦਾ ਪਤੀ ਸੀ ।

ਫਿਰ ਉਨ੍ਹਾਂ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਜਿਸ ਅੰਮ੍ਰਿਤ ਕੁੰਡ ਬਾਰੇ ਗੁਰੂ ਅਮਰ ਦਾਸ ਜੀ ਦੱਸ ਗਏ ਸਨ ਇਹ ਉਹੋ ਕੁੰਡ ਹੈ। ਏਥੇ ਸਾਨੂੰ ਹੁਣ ਅੰਮ੍ਰਿਤ ਸਰੋਵਰ ਬਣਾਉਣਾ ਚਾਹੀਦਾ ਹੈ।



# ਅੰਮ੍ਰਿਤਸਰ ਸਰੋਵਰ

ਅਗਲੇ ਦਿਨ ਹੀ ਗੁਰੂ ਰਾਮਦਾਸ ਜੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰਵਾਈ ਤੇ ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਅਤੇ ਹੋਰ ਗੁਰਮੁਖ ਸਿੱਖਾਂ ਨੂੰ ਨਾਲ ਲੈ ਕੇ ਅੰਮ੍ਰਿਤ ਕੁੰਡ ਦੇ ਪਾਸ ਪਹੁੰਚ ਗਏ। ਬਾਬਾ ਬੁੱਢਾ ਜੀ ਨੂੰ ਉਨ੍ਹਾਂ ਵਾਹਿਗੁਰੂ ਦਾ ਨਾਂ ਲੈ ਕੇ ਕਹੀ ਦਾ ਟਪ ਲਾਉਣ ਲਈ ਕਿਹਾ, ਉਸ ਤੋਂ ਬਾਅਦ ਸਾਰੀ ਸੰਗਤ ਨੂੰ ਕੜਾਹ ਪ੍ਰਸ਼ਾਦ ਵੰਡ ਕੇ ਬਾਕਾਇਦਾ ਤੌਰ ਤੇ ਸਰੋਵਰ ਦੀ ਪਟਵਾਈ ਸ਼ੁਰੂ ਕਰ ਦਿੱਤੀ। ਜਦ ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਕਿ ਅੰਮ੍ਰਿਤ ਕੁੰਡ ਵਿਚ ਇਸ਼ਨਾਨ ਕਰਕੇ ਇਕ ਕੋੜ੍ਹਾ ਵੀ ਰਾਜ਼ੀ ਹੋ ਗਿਆ ਹੈ ਤਾਂ ਲੋਕ ਬੜੀ ਸ਼ਰਧਾ ਨਾਲ ਕਹੀਆਂ ਬਾਲਟੇ ਅਤੇ ਟੋਕਰੀਆਂ ਆਦਿ ਲੈ ਕੇ ਸੇਵਾ ਲਈ ਪੁੱਜ ਗਏ। ਰੋਗੀ ਇਸ਼ਨਾਨ ਕਰਕੇ ਰਾਜ਼ੀ ਹੋ ਰਹੇ ਸਨ ਤੇ ਫਿਰ ਗੁਰੂ ਜੀ ਦੇ ਹੀ ਹੋ ਕੇ ਸੇਵਾ ਵਿਚ ਜੁੱਟ ਜਾਂਦੇ ਸਨ।

ਪਰ ਗੁਰੂ ਦਾ ਲੰਗਰ ਚਲਾਉਣ ਵਾਸਤੇ, ਇੱਟਾਂ ਤਿਆਰ ਕਰਨ ਵਾਸਤੇ ਅਤੇ ਮਜ਼ਦੂਰਾਂ ਨੂੰ ਮਜ਼ਦੂਰੀ ਦੇਣ ਵਾਸਤੇ ਬੇਅੰਤ ਮਾਇਆ ਦੀ ਲੋੜ ਸੀ। ਇਸ ਵਾਸਤੇ ਗੁਰੂ ਜੀ ਨੇ ਆਪਣੇ ਮਸੰਦਾਂ ਨੂੰ ਦੂਰ ਦੂਰ ਕਾਰ ਭੇਟ ਲੈਣ ਵਾਸਤੇ ਭੇਜਿਆ। ਕੁਝ ਸਮੇਂ ਵਿਚ ਹੀ ਬੇਅੰਤ ਮਾਇਆ ਇਕੱਠੀ ਹੋ ਗਈ ਅਤੇ ਸਰੋਵਰ ਦੀ ਉਸਾਰੀ ਪੂਰੇ ਜ਼ੋਰ ਸ਼ੋਰ ਨਾਲ ਚਲਦੀ ਗਈ। ਰਜਨੀ ਅਤੇ ਉਸਦਾ ਪਤੀ ਵੀ ਸੇਵਾ ਵਿਚ ਹਿੱਸਾ ਲੈ ਰਹੇ ਸਨ। ਦੁਨੀ ਚੰਦ ਨੂੰ ਜਦ ਇਹ ਪਤਾ ਲੱਗਾ ਕਿ ਰਜਨੀ ਦਾ ਪਤੀ ਬਿਲਕੁਲ ਨਵਾਂ ਨਰੋਆ ਹੋ ਗਿਆ ਹੈ ਅਤੇ ਗੁਰੂ ਰਾਮਦਾਸ ਜੀ ਦੀ ਉਨ੍ਹਾਂ 'ਤੇ ਅਪਾਰ ਕਿਰਪਾ ਹੈ ਤਾਂ ਉਹ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ।

ਗੁਰੂ ਦਾ ਲੰਗਰ ਛੱਕ ਕੇ ਉਸ ਦਾ ਘੁਮੰਡ ਜਾਂਦਾ ਰਿਹਾ। ਉਸ ਨੂੰ ਇਹ ਸੋਝੀ ਹੋ ਗਈ ਕਿ ਪਰਮਾਤਮਾ ਹਰ ਇਕ ਨੂੰ ਦਿੰਦਾ ਹੈ। ਉਹ ਬੇਸ਼ਕ ਬਹੁਤ ਅਮੀਰ ਸੀ ਪਰ ਏਨੀ ਸੰਗਤ ਨੂੰ ਉਹ ਦੋ ਦਿਨ ਵੀ ਲੰਗਰ ਛਕਾਉਣ ਦੇ ਸਮਰੱਥ ਨਹੀਂ ਸੀ। ਉਸ ਨੇ ਗੁਰੂ ਜੀ ਪਾਸੋਂ ਮੁਆਫੀ ਮੰਗੀ ਅਤੇ ਆਪਣੀ ਧੀ ਅਤੇ ਜਵਾਈ ਨੂੰ ਘਰ ਲੈ ਜਾਣ ਦੀ ਆਗਿਆ ਮੰਗੀ। ਪਰ ਬੀਬੀ ਰਜਨੀ ਨੇ ਆਪਣੇ ਪਿਤਾ ਜੀ ਦੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਪਰ ਉਸ ਇਹ ਵਾਇਦਾ ਜ਼ਰੂਰ ਕੀਤਾ ਕਿ ਜਦ ਸਰੋਵਰ ਦੀ ਉਸਾਰੀ ਮੁਕੰਮਲ ਹੋ ਜਾਵੇਗੀ ਤਾਂ ਉਹ ਜ਼ਰੂਰ ਆਪਣੇ ਪਿਤਾ ਦੇ ਘਰ ਜਾਵੇਗੀ। ਦੁਨੀ ਚੰਦ ਬਹੁਤ ਪ੍ਰਸੰਨ ਹੋਇਆ ਅਤੇ ਕੁਝ ਸਮੇਂ ਬਾਅਦ ਉਹ ਵੀ ਪੱਟੀ ਤੋਂ ਆਪਣੇ ਕੁਝ ਸਾਥੀਆਂ ਸਮੇਤ ਕਾਰ ਸੇਵਾ ਲਈ ਹਾਜ਼ਰ ਹੋ ਗਿਆ।

ਕੁਝ ਸਮੇਂ ਵਿਚ ਹੀ ਸਰਵੋਰ ਤਿਆਰ ਹੋ ਗਿਆ। ਇਸ ਨੂੰ ਪਾਣੀ ਨਾਲ ਭਰਨ ਤੋਂ ਪਹਿਲਾਂ ਇਸ ਦੇ ਵਿਚਕਾਰ ਇਕ ਬੜਾ ਉੱਚਾ ਥੜਾ ਤਿਆਰ ਕੀਤਾ ਗਿਆ। ਜਿਸ ਤਕ ਪੁਜਣ ਵਾਸਤੇ ਰਸਤਾ ਛੱਡਿਆ ਗਿਆ ਸੀ। ਇਸ ਥੜੇ ਉੱਤੇ ਹੀ ਸਵੇਰੇ ਸ਼ਾਮ ਨੂੰ ਕੀਰਤਨ ਹੁੰਦਾ ਸੀ, ਸਰੋਵਰ ਦੇ ਚਾਰੇ ਪਾਸੇ ਖੂਹ ਲਾਏ ਗਏ ਸਨ ਅਤੇ ਖੂਹਾਂ ਦਾ ਪਾਣੀ ਸਰੋਵਰ ਵਿਚ ਡਿੱਗਦਾ ਸੀ।

ਜਿਹੜਾ ਵੀ ਕਿਸਾਨ ਨਵੇਂ ਬਲਦਾਂ ਦੀ ਜੋੜੀ ਖਰੀਦਦਾ ਸੀ ਜਾਂ ਨਵੇਂ ਵੱਛੇ ਨੂੰ ਜੂਲੇ ਲਾਉਂਦਾ ਸੀ ਤਾਂ ਉਹ ਪਹਿਲੀ ਸੇਵਾ ਇਨ੍ਹਾਂ ਖੂਹਾਂ ਤੇ ਆਪਣੀ ਜੋਗ ਰਾਹੀਂ ਕਰਦਾ ਸੀ। ਇਸ ਤਰ੍ਹਾਂ ਚਾਰੇ ਖੂਹ ਦਿਨ ਰਾਤ ਚਲਦੇ ਸਨ ਅਤੇ ਕੁਝ ਮਹੀਨਿਆਂ ਵਿਚ ਸਰੋਵਰ ਕੰਢੇ ਤਕ ਭਰ ਗਿਆ ਸੀ।

ਹੁਣ ਇਹ ਬੜਾ ਸੁੰਦਰ ਤੀਰਥ ਬਣ ਗਿਆ ਸੀ। ਥੜ੍ਹੇ ਵਾਲੇ ਸਥਾਨ ਤੋਂ ਰੋਜ਼ ਸਵੇਰੇ ਕੀਰਤਨ ਦੀਆਂ ਧੁਨਾਂ ਨਿਕਲਦੀਆਂ ਸਨ ਜਿਹੜੀਆਂ ਕਿ ਵੇਦਾਂ ਦੀਆਂ ਧੁਨਾਂ ਨੂੰ ਵੀ ਮਾਤ ਪਾ ਦੇਂਦੀਆਂ ਸਨ। ਮਾਇਆ ਹਰ ਇਕ ਦੇ ਪੈਰ ਚੁੰਮਦੀ ਸੀ। ਹੁਣ ਲੋਕ ਗੰਗਾ ਇਸ਼ਨਾਨ ਭੁੱਲ ਗਏ ਸਨ। ਸਾਰੇ ਸ਼ਹਿਰ ਵਾਸੀ ਅਤੇ ਬਾਹਰੋਂ ਆਏ ਲੋਕ ਸਰੋਵਰ ਵਿਚ ਇਸ਼ਨਾਨ ਕਰਦੇ ਸਨ ਅਤੇ ਧੰਨ ਗੁਰੂ ਰਾਮਦਾਸ ਜੀ ਕਹਿੰਦੇ ਕੀਰਤਨ ਸੁਣਨ ਚਲੇ ਜਾਂਦੇ ਸਨ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਲੋਕਾਂ ਦੇ ਦੁੱਖ ਦੂਰ ਹੋ ਰਹੇ ਸਨ ਅਤੇ ਹਰ ਪਾਸੇ ਖੁਸ਼ਹਾਲੀ ਨਜ਼ਰ ਆ ਰਹੀ ਸੀ।

ਸ਼ਹਿਰ ਦੇ ਲੋਕਾਂ ਨੂੰ ਕੋਈ ਜਜ਼ੀਆ ਜਾਂ ਟੈਕਸ ਨਹੀਂ ਸੀ ਦੇਣਾ ਪੈਂਦਾ ਕਿਉਂਕਿ ਇਹ ਉਨ੍ਹਾਂ ਦਾ ਆਪਣਾ ਸ਼ਹਿਰ ਸੀ। ਅੰਮ੍ਰਿਤ ਸਰੋਵਰ ਬਣ ਜਾਣ ਨਾਲ ਹੁਣ ਸ਼ਹਿਰ ਦਾ ਨਾਂ ਅੰਮ੍ਰਿਤਸਰ ਪੈ ਗਿਆ ਸੀ।



# ਲਾਹੌਰ ਫੇਰੀ

ਅੰਮ੍ਰਿਤਸਰ ਦੀਆਂ ਰੌਣਕਾਂ ਹਰ ਰੋਜ਼ ਵੱਧ ਰਹੀਆਂ ਸਨ। ਗੁਰੂ ਜੀ ਨਿੱਤ ਪਹਿਰ ਰਾਤ ਗਈ ਜਾਗਦੇ, ਫਿਰ ਇਸ਼ਨਾਨ ਕਰਕੇ ਪ੍ਰਭੂ ਸਿਮਰਨ ਵਿਚ ਲੱਗ ਜਾਂਦੇ। ਫਿਰ ਸਵੱਖਤੇ ਹੀ ਉੱਠ ਕੇ ਉਸ ਸਥਾਨ ਤੇ ਪਹੁੰਚ ਜਾਂਦੇ ਜਿੱਥੇ ਕਿ ਅਜ ਕਲ ਹਰਿਮੰਦਰ ਸਾਹਿਬ ਬਣਿਆ ਹੋਇਆ ਹੈ, ਏਥੇ ਗੁਰੂ ਜੀ ਦੀਵਾਨ ਲਾਉਂਦੇ ਅਤੇ ਕੀਰਤਨੀਏਂ ਕੀਰਤਨ ਕਰਦੇ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਲੰਗਰ ਤਿਆਰ ਹੋ ਜਾਂਦਾ ਤੇ ਸਾਰੀ ਸੰਗਤ ਲੰਗਰ ਵਿਚ ਬੈਠ ਕੇ ਪ੍ਰਸ਼ਾਦ ਛੱਕਦੀ। ਗੁਰੂ ਜੀ ਵੀ ਲੰਗਰ ਵਿਚ ਬੈਠ ਕੇ ਪ੍ਰਸ਼ਾਦ ਗ੍ਰਹਿਣ ਕਰਦੇ।

ਇਸ ਤੋਂ ਬਾਅਦ ਉਹ ਆਰਾਮ ਕਰਨ ਲਈ ਗੁਰੂ ਕੇ ਮਹਲ ਪਹੁੰਚ ਜਾਂਦੇ। ਸ਼ਾਮ ਨੂੰ ਉਹ ਫਿਰ ਇਸ਼ਨਾਨ ਕਰਕੇ ਸੰਗਤ ਨੂੰ ਆ ਦਰਸ਼ਨ ਦਿੰਦੇ। ਸ਼ਾਮ ਵੇਲੇ ਗੁਰੂ ਜੀ ਆਪ ਕਥਾ ਕਰਦੇ ਅਤੇ ਸਿੱਖਾਂ ਨੂੰ ਸੱਚਾ ਮਾਰਗ ਦ੍ਰਿੜ੍ਹ ਕਰਵਾਉਂਦੇ। ਗੁਰੂ ਜੀ ਫ਼ੁਰਮਾਉਂਦੇ ਕਿ ਸਾਨੂੰ ਕਿਸੇ ਗੱਲ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਹੈ, ਜਿਹੜਾ ਮਨੁੱਖ ਪ੍ਰਭੂ ਨੂੰ ਆਪਣਾ ਆਸਰਾ ਸਮਝ ਲੈਂਦਾ ਹੈ ਉਸਦੇ ਸਭ ਭੈਅ, ਦੁਖ ਅਤੇ ਫ਼ਿਕਰ ਦੂਰ ਹੋ ਜਾਂਦੇ ਹਨ।

ਸ਼ਾਮ ਦੇ ਦੀਵਾਨ ਤੋਂ ਬਾਅਦ ਉਹ ਕੁਝ ਸਮੇਂ ਲਈ ਸੈਰ ਕਰਨ ਚਲੇ ਜਾਂਦੇ। ਜਦ ਹਨੇਰਾ ਹੋਣ ਲੱਗਦਾ ਤਾਂ ਸਰੋਵਰ ਵਿਖੇ ਪੁੱਜ ਕੇ ਸੋਦਰ ਦੀ ਚੌਂਕੀ ਲਵਾਉਂਦੇ। ਇਸ ਤੋਂ ਬਾਅਦ ਫਿਰ ਕੀਰਤਨ ਅਰੰਭ ਹੋ ਜਾਂਦਾ ਅਤੇ ਸਰੋਵਰ ਦੇ ਨਿਰਮਲ ਜਲ ਵਿਚ ਰਾਗ ਦੀਆਂ ਤਰੰਗਾਂ ਉਠਦੀਆਂ। ਕੀਰਤਨ ਦੀ ਸਮਾਪਤੀ ਬਾਅਦ ਫਿਰ ਲੰਗਰ ਵਿਚ ਪ੍ਰਸ਼ਾਦ ਛਕਦੇ ਅਤੇ ਜਦ ਸਭ ਸੰਗਤਾਂ ਆਪਣੇ ਘਰਾਂ ਨੂੰ ਚਲੇ ਜਾਂਦੀਆਂ ਤਾਂ ਉਹ ਕੁਝ ਗੁਰਸਿਖਾਂ ਨੂੰ ਨਾਲ ਲੈ ਕੇ ਨਵੀਆਂ ਆਈਆਂ ਸੰਗਤਾਂ ਦੇ ਵਿਸ਼ਰਾਮ ਦਾ ਖ਼ੁੱਦ ਪ੍ਰਬੰਧ ਕਰਦੇ।

ਇਨ੍ਹਾਂ ਦਿਨਾਂ ਵਿਚ ਹੀ ਲਾਹੌਰ ਤੋਂ ਇਕ ਸੰਗਤ ਆਈ ਜਿਨ੍ਹਾਂ ਵਿਚ ਭਾਈ ਸਿਹਾਰੀ ਮਲ ਵੀ ਸਨ। ਉਹ ਬਰਾਦਰੀ ਵਿਚੋਂ ਗੁਰੂ ਜੀ ਦੇ ਵੱਡੇ ਭਰਾ ਲੱਗਦੇ ਸਨ। ਭਾਈ ਸਿਹਾਰੀ ਮਲ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ ਲਾਹੌਰ ਦੀਆਂ ਸੰਗਤਾਂ ਆਪ ਜੀ ਦੇ ਦਰਸ਼ਨਾਂ ਲਈ ਬਹੁਤ ਉਤਾਵਲੀਆਂ ਹਨ। ਆਪ ਨੂੰ ਆਪਣੀ ਜਨਮ ਭੂਮੀ ਵਿਖੇ ਜ਼ਰੂਰ ਜਾਣਾ ਚਾਹੀਦਾ ਹੈ।

ਗੁਰੂ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਅਤੇ ਲਾਹੌਰ ਚਲੇ ਗਏ। ਜਦ ਉਹ ਲਾਹੌਰ ਪੁੱਜੇ ਤਾਂ ਲਾਹੌਰ ਨਿਵਾਸੀ ਵੱਡੀ ਗਿਣਤੀ ਵਿਚ ਉਨ੍ਹਾਂ ਨੂੰ ਲੈਣ ਆਏ। ਉਨ੍ਹਾਂ ਨੂੰ ਇਹ ਮਾਣ ਸੀ ਕਿ ਗੁਰੂ ਰਾਮਦਾਸ ਜੀ ਦੀ ਜਨਮ-ਭੂਮੀ ਲਾਹੌਰ ਸੀ। ਉਹ ਇਹ ਵੀ ਸਮਝਦੇ ਸਨ ਕਿ ਇਕ ਯਤੀਮ ਬਾਲਕ ਤੋਂ ਉਹ ਜਿਸ ਤਰ੍ਹਾਂ ਸੱਚੇ ਪਾਤਸ਼ਾਹ ਬਣ ਗਏ ਸੀ ਇਹ ਸਭ ਕੁਝ ਉਨ੍ਹਾਂ ਦੀ ਘਾਲਣਾ ਦਾ ਹੀ ਸਦਕਾ ਸੀ।

ਗੁਰੂ ਰਾਮਦਾਸ ਜੀ ਪਹਿਲਾਂ ਆਪਣੇ ਨਿੱਜੀ ਮਕਾਨ ਵਿਚ ਗਏ। ਉਨ੍ਹਾਂ ਆਪਣੇ ਮਕਾਨ ਨੂੰ ਇਕ

ਧਰਮਸ਼ਾਲਾ ਵਿਚ ਬਦਲ ਦਿੱਤਾ। ਲੋਕਾਂ ਦੀ ਸਹੂਲਤ ਲਈ ਓਥੇ ਉਨ੍ਹਾਂ ਇਕ ਖੂਹ ਵੀ ਲਵਾਇਆ।

ਆਪਣੇ ਘਰ ਨੂੰ ਧਰਮਸ਼ਾਲਾ ਬਣਾ ਕੇ ਉਹ ਭਾਈ ਸਿਹਾਰੀ ਮਲ ਦੇ ਘਰ ਜਾ ਠਹਿਰੇ। ਭਾਈ ਸਿਹਾਰੀ ਮਲ ਦਾ ਘਰ ਕਾਫੀ ਵੱਡਾ ਸੀ। ਇਥੇ ਸਿੱਖ-ਸੰਗਤਾਂ ਦੀ ਭੀੜ ਲੱਗੀ ਰਹਿੰਦੀ ਸੀ। ਗੁਰੂ ਜੀ ਨੇ ਸੰਗਤਾਂ ਨੂੰ ਮਰਯਾਦਾ ਵਿਚ ਰਹਿਣ ਲਈ ਕਿਹਾ ਜਿਸ ਕਾਰਨ ਸੰਗਤ ਸਵੇਰ ਵੇਲੇ ਅਤੇ ਸ਼ਾਮ ਨੂੰ ਇਕੱਤਰ ਹੁੰਦੀ। ਅੰਮ੍ਰਿਤਸਰ ਵਾਂਗ ਹੀ ਇਥੇ ਗੁਰੂ ਦਾ ਲੰਗਰ ਚਲ ਪਿਆ ਅਤੇ ਸਵੇਰ ਸ਼ਾਮ ਕੀਰਤਨ ਦਾ ਪ੍ਰਵਾਹ ਚਲ ਪਿਆ। ਸ਼ਾਮ ਵੇਲੇ ਗੁਰੂ ਜੀ ਕਥਾ ਕਰਦੇ ਅਤੇ ਲਾਹੌਰ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ।

ਕਾਫੀ ਸਮਾਂ ਲਾਹੌਰ ਠਹਿਰ ਕੇ ਉਹ ਵਾਪਸ ਅੰਮ੍ਰਿਤਸਰ ਆ ਗਏ।



# ਬਾਦਸ਼ਾਹ ਅਕਬਰ ਦਾ ਅੰਮ੍ਰਿਤਸਰ ਆਉਣਾ

ਬਾਦਸ਼ਾਹ ਅਕਬਰ ਨੇ ਇਕ ਨਵਾਂ ਧਰਮ ਚਲਾਇਆ ਸੀ ਜਿਸ ਦਾ ਨਾਂ ਉਸ 'ਦੀਨੇ ਇਲਾਹੀ' ਰਖਿਆ ਸੀ। ਉਸ ਦੇ ਦਰਬਾਰ ਵਿਚ ਧਰਮ ਚਰਚਾ ਆਮ ਚਲਦੀ ਰਹਿੰਦੀ ਸੀ। ਇਕ ਵਾਰ ਉਸਦੇ ਦਰਬਾਰ ਵਿਚ ਇਹ ਚਰਚਾ ਚਲੀ ਕਿ ਦੁਨੀਆਂ ਵਿਚ ਕੋਈ ਐਸਾ ਵੀ ਵਿਅਕਤੀ ਹੈ ਜੋ ਬਿਲਕੁਲ ਰੱਬ ਰੂਪ ਹੋਵੇ। ਕਈ ਸੰਤਾਂ, ਪੀਰਾਂ, ਫਕੀਰਾਂ ਦੇ ਨਾਂ ਲਏ ਗਏ ਪਰ ਅਕਬਰ ਬਾਦਸ਼ਾਹ ਦੀ ਤਸੱਲੀ ਨਾ ਹੋਈ। ਉਨ੍ਹਾਂ ਸਾਰੇ ਫਕੀਰਾਂ ਨੂੰ ਅਕਬਰ ਪਰਖ ਚੁਕਾ ਸੀ। ਉਨ੍ਹਾਂ ਵਿਚੋਂ ਕੋਈ ਮਾਇਆ ਦਾ ਭੁੱਖਾ ਸੀ, ਕੋਈ ਮਰਾਤਬੇ ਦਾ ਭੁੱਖਾ ਸੀ ਅਤੇ ਕਿਸੇ ਨੂੰ ਆਪਣੀ ਮਹਿਮਾਂ ਕਰਵਾਉਣ ਦੀ ਲਾਲਸਾ ਸੀ।

ਦਰਬਾਰ ਵਿਚ ਇਕ ਅਜਿਹਾ ਵਿਅਕਤੀ ਵੀ ਸੀ ਜਿਹੜਾ ਗੁਰੂ ਰਾਮਦਾਸ ਜੀ ਨੂੰ ਜਾਣਦਾ ਸੀ ਅਤੇ ਉਸ ਗੁਰੂ ਸਾਹਿਬ ਦੇ ਦਰਸ਼ਨ ਵੀ ਕੀਤੇ ਸਨ। ਉਸ ਨੇ ਕਿਹਾ, "ਗੁਰੂ ਰਾਮਦਾਸ ਜੀ ਇਕ ਅਜਿਹੇ ਮਹਾਂਪੁਰਸ਼ ਹਨ, ਜਿਨ੍ਹਾਂ ਨੂੰ ਕਿਸੇ ਦੁਨਿਆਵੀ ਵਸਤੂ ਦੀ ਲਾਲਸਾ ਨਹੀਂ। ਜੋ ਕੁਝ ਉਨ੍ਹਾਂ ਨੂੰ ਭੇਟ ਹੁੰਦਾ ਹੈ ਉਸ ਨਾਲ ਉਹ ਸਾਂਝਾ ਲੰਗਰ ਚਲਾਉਂਦੇ ਹਨ। ਜੇ ਕੋਈ ਉਨ੍ਹਾਂ ਨੂੰ ਕੀਮਤੀ ਉਪਹਾਰ ਵੀ ਦਿੰਦਾ ਹੈ ਤਾਂ ਉਸ ਨੂੰ ਉਸੇ ਵੇਲੇ ਲੋੜਵੰਦਾਂ ਵਿਚ ਵੰਡ ਦਿੰਦੇ ਹਨ। ਇਕ ਦਿਨ ਇਕ ਮਾਈ ਇਕ ਬੜਾ ਕੀਮਤੀ ਹਾਰ ਲੈ ਕੇ ਆਈ ਅਤੇ ਉਸ ਗੁਰੂ ਜੀ ਨੂੰ ਅਰਪਣ ਕੀਤਾ। ਗੁਰੂ ਜੀ ਨੇ ਉਹ ਹਾਰ ਇਕ ਗ਼ਰੀਬ ਨੂੰ ਦੇ ਦਿੱਤਾ। ਮਾਈ ਬਹੁਤ ਉਦਾਸ ਹੋ ਗਈ। ਉਹ ਬੜੀ ਸ਼ਰਧਾ ਨਾਲ ਹਾਰ ਲੈ ਕੇ ਆਈ ਸੀ ਕਿ ਗੁਰੂ ਜੀ ਇਸ ਹਾਰ ਨੂੰ ਆਪਣੇ ਗਲ ਵਿਚ ਪਾਉਣਗੇ ਤਾਂ ਕਿੰਨੇ ਚੰਗੇ ਲੱਗਣਗੇ। ਗੁਰੂ ਜੀ ਮਾਈ ਦੀ ਉਦਾਸੀ ਨੂੰ ਸਮਝ ਗਏ। ਉਨ੍ਹਾਂ ਓਸੇ ਵੇਲੇ ਮਾਈ ਨੂੰ ਕਿਹਾ, "ਮਾਤਾ ਜੀ ਤੁਸੀਂ ਚਿੰਤਾ ਨਾ ਕਰੋ ਤੁਹਾਡਾ ਕੀਮਤੀ ਹਾਰ ਮੇਰੇ ਪਾਸ ਪਹੁੰਚ ਗਿਆ ਹੈ। ਇਹ ਹੁਣ ਇਕ ਲੋੜਵੰਦ ਦੀ ਸਹਾਇਤਾ ਕਰੇਗਾ। ਜੇ ਅਸੀਂ ਕਿਸੇ ਦੇ ਕੰਮ ਆ ਸਕੀਏ ਤਾਂ ਉਸ ਤੋਂ ਵੱਡੀ ਹੋਰ ਕੋਈ ਦਾਤ ਨਹੀਂ। ਤੁਹਾਨੂੰ ਖੁਸ਼ੀ ਹੋਣੀ ਚਾਹੀਦੀ ਹੈ ਕਿ ਤੁਹਾਡਾ ਹਾਰ ਕਿਸੇ ਦੇ ਕੰਮ ਆਇਆ ਹੈ। ਮਾਈ ਗੁਰੂ ਜੀ ਦੇ ਬਚਨ ਸੁਣ ਕੇ ਖੁਸ਼ ਹੋ ਗਈ ਸੀ।"

ਅਕਬਰ ਨੂੰ ਫਿਰ ਇਹ ਵੀ ਯਾਦ ਕਰਵਾਇਆ ਗਿਆ ਕਿ ਗੁਰੂ ਰਾਮਦਾਸ ਜੀ ਉਹੀ ਹਨ ਜਿਹੜੇ ਸਨਾਤਨ ਧਰਮ ਵਾਲਿਆਂ ਦੀ ਸ਼ਿਕਾਇਤ ਦਾ ਨਿਪਟਾਰਾ ਕਰਨ ਵਾਸਤੇ ਉਸ ਨੂੰ ਲਾਹੌਰ ਮਿਲੇ ਸਨ। ਉਸ ਨੇ ਗੁਰੂ ਅਮਰ ਦਾਸ ਜੀ ਦੇ ਲੰਗਰ ਤੋਂ ਪ੍ਰਸ਼ਾਦ ਵੀ ਛਕਿਆ ਸੀ ਅਤੇ ਗੁਰੂ ਅਮਰ ਦਾਸ ਜੀ ਦੇ ਦਰਸ਼ਨ ਵੀ ਕੀਤੇ ਸਨ। ਉਸ ਨੇ ਓਸੇ ਵੇਲੇ ਮਨ ਬਣਾ ਲਿਆ ਕਿ ਉਹ ਗੁਰੂ ਰਾਮਦਾਸ ਦੇ ਦਰਸ਼ਨ ਕਰਨ ਅੰਮ੍ਰਿਤਸਰ ਜਾਵੇਗਾ।

ਜਦ ਗੁਰੂ ਰਾਮਦਾਸ ਜੀ ਲਾਹੌਰ ਤੋਂ ਅੰਮ੍ਰਿਤਸਰ ਵਾਪਸ ਆਏ ਤਾਂ ਉਸ ਸਮੇਂ ਅਕਬਰ ਕਾਬਲ ਦੀ ਮਹਿਮ 'ਤੇ ਗਿਆ ਹੋਇਆ ਸੀ। ਕਾਬਲ ਦੀ ਮਹਿਮ ਨੂੰ ਫ਼ਤਹਿ ਕਰਕੇ ਜਦ ਉਹ ਵਾਪਸ ਮੁੜਿਆ ਤਾਂ ਉਸ ਅੰਮ੍ਰਿਤਸਰ ਜਾਣ ਬਾਰੇ ਆਪਣੇ ਦਰਬਾਰੀਆਂ ਨੂੰ ਦੱਸਿਆ । ਕੁਝ ਦਿਨਾਂ ਵਿਚ ਹੀ ਉਹ

ਅੰਮ੍ਰਿਤਸਰ ਪਹੁੰਚ ਗਿਆ। ਜਦ ਉਹ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਗੁਰੂ ਸਾਹਿਬ ਦੇ ਨੂਰਾਨੀ ਚਿਹਰੇ ਵਲ ਵੇਖ ਬਹੁਤ ਪ੍ਰਸੰਨ ਹੋਇਆ। ਉਸ ਗੁਰੂ ਸਾਹਿਬ ਅਗੇ ਇਕ ਸੌ ਇਕ ਮੋਹਰਾਂ ਰੱਖ ਕੇ ਸਿਜਦਾ ਕੀਤਾ। ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਜੀ ਉਨ੍ਹਾਂ ਦੇ ਪਾਸ ਹੀ ਬੈਠੇ ਸਨ। ਗੁਰੂ ਰਾਮਦਾਸ ਜੀ ਨੇ ਆਪਣੇ ਪੁੱਤਰ ਨੂੰ ਆਦੇਸ਼ ਕੀਤਾ ਕਿ ਉਹ ਮੋਹਰਾਂ ਗ਼ਰੀਬਾਂ ਵਿਚ ਵੰਡ ਦੇਵੇ। (ਗੁਰੂ) ਅਰਜਨ ਦੇਵ ਨੇ ਸਾਰੀਆਂ ਮੋਹਰਾਂ ਲੋੜਵੰਦਾਂ ਨੂੰ ਵੰਡ ਦਿੱਤੀਆਂ। ਇਹ ਵੇਖ ਕੇ ਬਾਦਸ਼ਾਹ ਅਕਬਰ ਬਹੁਤ ਹੈਰਾਨ ਹੋਇਆ। ਫਿਰ ਅਕਬਰ ਨੇ ਬਾਰਾਂ ਪਿੰਡਾਂ ਦੀ ਜਗੀਰ ਗੁਰੂ ਰਾਮਦਾਸ ਜੀ ਦੇ ਲੰਗਰ ਦੇ ਨਾਂ ਲਾਉਣੀ ਚਾਹੀ ਪਰ ਗੁਰੂ ਸਾਹਿਬ ਨੇ ਕਿਹਾ, "ਫਕੀਰਾਂ ਦਾ ਜਗੀਰਾਂ ਨਾਲ ਕੀ ਵਾਸਤਾ? ਇਹ ਜਗੀਰਾਂ ਹੀ ਹਨ ਜਿਹੜੀਆਂ ਮਨੁੱਖ ਵਿਚ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਲੜਾਈ ਝਗੜੇ ਪੈਦਾ ਕਰਦੀਆਂ ਹਨ।"

ਅਕਬਰ ਨੂੰ ਹੁਣ ਪੂਰਾ ਭਰੋਸਾ ਹੋ ਗਿਆ ਕਿ ਦੁਨੀਆਂ ਵਿਚ ਇਕ ਐਸਾ ਵਿਅਕਤੀ ਵੀ ਹੈ, ਜਿਹੜਾ ਰੱਬ ਦਾ ਹੀ ਰੂਪ ਹੈ।



# ਬਾਬਾ ਸ੍ਰੀ ਚੰਦ ਨਾਲ ਮੇਲ

ਬਾਬਾ ਸ੍ਰੀ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਸਨ। ਆਪ ਨੇ ਉਦਾਸ ਮੱਤ ਧਾਰਨ ਕਰ ਲਿਆ ਸੀ ਅਤੇ ਜਤੀ ਸਤੀ ਰਹਿ ਕੇ ਉਨ੍ਹਾਂ ਨੇ ਸਿੱਖ ਧਰਮ ਦਾ ਪ੍ਰਚਾਰ ਕੀਤਾ ਸੀ। ਉਹ ਬੜੀਆਂ ਸ਼ਕਤੀਆਂ ਦੇ ਮਾਲਕ ਸਨ ਅਤੇ ਕਈ ਅਹੰਕਾਰੀਆਂ ਦੇ ਉਨ੍ਹਾਂ ਹੰਕਾਰ ਤੋੜੇ ਸਨ। ਗੁਰੂ ਅੰਗਦ ਦੇਵ ਜੀ ਨੂੰ ਗੁਰ-ਗੱਦੀ ਦੇਣ ਬਾਰੇ ਬੇਸ਼ਕ ਉਨ੍ਹਾਂ ਵਿਰੋਧ ਕੀਤਾ ਸੀ, ਪਰ ਬਾਅਦ ਵਿਚ ਪ੍ਰਭੂ-ਭਗਤੀ ਨਾਲ ਏਨੀ ਲਗਨ ਲੱਗ ਗਈ ਸੀ ਕਿ ਉਨ੍ਹਾਂ ਨੇ ਇਸ ਬਾਰੇ ਕੋਈ ਧਿਆਨ ਨਹੀਂ ਸੀ ਦਿੱਤਾ। ਉਨ੍ਹਾਂ ਗੁਰੂ ਅਮਰ ਦਾਸ ਜੀ ਦੀ ਵੀ ਬੜੀ ਮਹਿਮਾ ਸੁਣੀ ਸੀ, ਪਰ ਉਹ ਉਨ੍ਹਾਂ ਨੂੰ ਮਿਲਣ ਨਹੀਂ ਸੀ ਆਏ।

ਪਰ ਜਦ ਉਨ੍ਹਾਂ ਅੰਮ੍ਰਿਤਸਰ ਸ਼ਹਿਰ ਦੇ ਵਸਾਉਣ, ਸੁੰਦਰ ਅੰਮ੍ਰਿਤਸਰ ਸਰੋਵਰ ਦੀ ਉਸਾਰੀ ਅਤੇ ਗੁਰੂ ਰਾਮਦਾਸ ਜੀ ਦੀ ਅਪਾਰ ਮਹਿਮਾ ਸੁਣੀ ਤਾਂ ਉਨ੍ਹਾਂ ਪਾਸੋਂ ਰਿਹਾ ਨਾ ਗਿਆ ਤੇ ਉਹ ਗੁਰੂ ਜੀ ਨੂੰ ਮਿਲਣ ਵਾਸਤੇ ਆਪ ਅੰਮ੍ਰਿਤਸਰ ਵਿਖੇ ਆਏ।

ਉਸ ਸਮੇਂ ਉਨ੍ਹਾਂ ਦੀ ਆਯੂ ਨੱਬੇ ਸਾਲ ਦੇ ਲਗਪਗ ਸੀ ਪਰ ਨਾਮ ਦੀ ਕਮਾਈ ਦੀ ਬਖਸ਼ਿਸ਼ ਹੋਣ ਕਰਕੇ ਉਨ੍ਹਾਂ ਦਾ ਸਰੀਰ ਬੜਾ ਫੁਰਤੀਲਾ ਅਤੇ ਰਿਸ਼ਟ-ਪੁਸ਼ਟ ਸੀ। ਉਹ ਭਗਵਾਂ ਬਾਣਾ ਪਾਉਂਦੇ ਸਨ ਅਤੇ ਸਿਰ ਉਤੇ ਭਗਵੇਂ ਰੰਗ ਦੀ ਦਸਤਾਰ ਸਜਾਉਂਦੇ ਸਨ। ਉਨ੍ਹਾਂ ਵਿਚ ਜੋਗੀਆਂ ਜਾਂ ਤਪਿਆਂ ਵਾਲੀ ਕੋਈ ਗੱਲ ਨਹੀਂ ਸੀ। ਉਸ ਸਮੇਂ ਏਨੀ ਉਮਰ ਹੋਣ ਦੇ ਬਾਵਜੂਦ ਵੀ ਉਨ੍ਹਾਂ ਦੀ ਦਾੜ੍ਹੀ ਪੂਰੀ ਚਿੱਟੀ ਨਹੀਂ ਸੀ ਹੋਈ।

ਜਦ ਉਹ ਆਪਣੇ ਚੇਲਿਆਂ ਸਮੇਤ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਤਾਂ ਗੁਰੂ ਜੀ ਆਪ ਉੱਠ ਕੇ ਉਨ੍ਹਾਂ ਨੂੰ ਅਗੋਂ ਮਿਲਣ ਗਏ।

ਗੁਰੂ ਪੁੱਤਰ ਹੋਣ ਕਰਕੇ ਗੁਰੂ ਜੀ ਨੇ ਝੁਕ ਕੇ ਨਮਸ਼ਕਾਰ ਕੀਤੀ ਅਤੇ ਹਾਲ ਚਾਲ ਪੁਛਿਆ।

ਫਿਰ ਗੁਰੂ ਜੀ ਉਨ੍ਹਾਂ ਨੂੰ ਨਾਲ ਲੈਕੇ ਦਰਬਾਰ ਵਿਚ ਆ ਗਏ। ਆਪਣੇ ਲਾਗੇ ਹੀ ਬਿਠਾ ਲਿਆ। ਬਾਬਾ ਸ੍ਰੀ ਚੰਦ ਜੀ ਗੁਰੂ ਜੀ ਦੇ ਚਿਹਰੇ ਦੇ ਜਲਾਲ ਵੱਲ ਬੜਾ ਚਿਰ ਵੇਖਦੇ ਰਹੇ। ਉਨ੍ਹਾਂ ਦੇ ਮੁੱਖ ਤੇ ਉਨ੍ਹਾਂ ਨੂੰ ਓਹੋ ਨੂਰ ਦਿਸਿਆ ਜਿਹੜਾ ਕਿ ਉਹ ਆਪਣੇ ਪਿਤਾ ਜੀ ਗੁਰੂ ਨਾਨਕ ਦੇਵ ਦੇ ਚਿਹਰੇ ਤੇ ਵੇਖਦੇ ਹੁੰਦੇ ਸਨ। ਗੁਰੂ ਜੀ ਦੀ ਪਿਆਰੀ ਸ਼ਖਸੀਅਤ ਨੇ ਉਨ੍ਹਾਂ ਨੂੰ ਮੋਹ ਲਿਆ ਸੀ। ਫਿਰ ਗੁਰੂ ਜੀ ਦੇ ਨੂਰਾਨੀ ਚਿਹਰੇ ਵਲ ਤਕ ਕੇ ਬੋਲੇ, " ਏਡਾ ਸੁੰਦਰ ਦਾੜ੍ਹਾ ਕਿਵੇ ਵਧਾ ਲਿਆ ਹੈ।"

ਗੁਰੂ ਰਾਮਦਾਸ ਜੀ ਵੀ ਬਾਬਾ ਜੀ ਵਲ ਬੜੇ ਧਿਆਨ ਨਾਲ ਵੇਖ ਰਹੇ ਸਨ ਅਤੇ ਉਹ ਇਸ ਗੱਲ ਤੇ ਬੜੇ ਖੁਸ਼ ਸਨ ਕਿ ਜਦ ਤੋਂ ਬਾਬਾ ਜੀ ਓਥੇ ਆਏ ਸਨ ਉਨ੍ਹਾਂ ਦੇ ਚਿਹਰੇ ਉਤੇ ਗੁਲਾਬ ਦੇ ਫੁੱਲ ਵਾਂਗ ਮੁਸਕਰਾਹਟ ਖਿੜੀ ਹੋਈ ਸੀ। ਗੁਰੂ ਜੀ ਨਿਮਰਤਾ ਭਾਵ ਨਾਲ ਬੋਲੇ, "ਇਹ ਦਾੜ੍ਹਾ ਆਪ ਜੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਵਾਸਤੇ ਵਧਾਇਆ ਹੈ।"

ਇਹ ਉੱਤਰ ਸੁਣ ਕੇ ਬਾਬਾ ਸ੍ਰੀ ਚੰਦ ਜੀ ਖਿੜਖਿੜਾ ਕੇ ਹੱਸ ਪਏ ਅਤੇ ਕਹਿਣ ਲੱਗੇ, "ਧੰਨ ਹੋ ਤੁਸੀਂ ਅਤੇ ਧੰਨ ਤੁਹਾਡੀ ਨਿਮਰਤਾ, ਗੁਰੂ ਅੰਗਦ ਦੇਵ ਨੇ ਤਾਂ ਸੇਵਾ ਕਰਕੇ ਗੁਰ-ਗੱਦੀ ਲਈ ਸੀ,

ਪਰ ਤੁਸੀਂ ਨਿਮਰਤਾ ਅਤੇ ਪ੍ਰੇਮ ਨਾਲ ਇਸ ਨੂੰ ਪ੍ਰਾਪਤ ਕੀਤਾ ਹੈ। ਮੈਂ ਤੁਹਾਡੇ ਬਾਰੇ ਬਹੁਤ ਸੁਣਿਆ ਸੀ, ਪਰ ਹੁਣ ਸਭ ਕੁਝ ਅਖੀਂ ਵੇਖ ਲਿਆ ਹੈ। ਤੁਸੀਂ ਬੇਅੰਤ ਘਾਲ ਕਮਾਈ ਕਰਕੇ ਕੇਵਲ ਗੁਰ-ਗੱਦੀ ਹੀ ਨਹੀਂ ਪਾਈ ਬਲਕਿ ਸਾਰੀ ਕਾਇਨਾਤ ਨੂੰ ਮੋਹ ਲਿਆ ਹੈ। ਤੁਹਾਡੀ ਮਹਿਮਾ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਤੁਹਾਡੀ ਘਾਲਣਾ ਨਾਲ ਵਸਾਇਆ ਇਹ ਸ਼ਹਿਰ ਵੇਖ ਕੇ ਮੈਂ ਬਹੁਤ ਪ੍ਰਸੰਨ ਹੋਇਆ ਹਾਂ। ਇਸ ਸਰੋਵਰ ਦੀ ਸ਼ੋਭਾ ਹੀ ਹੋਰ ਹੈ। ਮੈਂ ਤਾਂ ਕੇਵਲ ਇਹੋ ਅਸ਼ੀਰਵਾਦ ਦਿਆਂਗਾ ਕਿ ਜੇ ਕੋਈ ਪਾਪੀ ਵੀ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਤਾਂ ਉਸ ਦੇ ਸਭ ਪਾਪ ਧੋਤੇ ਜਾਣਗੇ ਤੇ ਉਹ ਸਦਾ ਲਈ ਮੁਕਤ ਹੋ ਜਾਵੇਗਾ।''

ਜਦ ਬਾਬਾ ਜੀ ਜਾਣ ਲੱਗੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਵਿਦਾ ਕੀਤਾ। ਉਨ੍ਹਾਂ ਨੂੰ ਇਕ ਘੋੜਾ ਅਤੇ ਪੰਜ ਸੌ ਰੁਪਿਆ ਚੱਲਣ ਸਮੇਂ ਦਿੱਤਾ।



# ਭਾਈ ਸੋਮਾ ਸ਼ਾਹ

ਸ੍ਰੀ ਅੰਮ੍ਰਿਤਸਰ ਦੀ ਮਹਿਮਾ ਦੂਰ ਦੂਰ ਤਕ ਫੈਲ ਗਈ ਸੀ। ਜਿਹੜਾ ਵਿਅਕਤੀ ਵੀ ਇਕ ਵਾਰ ਅੰਮ੍ਰਿਤਸਰ ਆਉਂਦਾ ਉਹ ਅੰਮ੍ਰਿਤਸਰ ਦਾ ਹੋ ਕੇ ਰਹਿ ਜਾਂਦਾ। ਉਸ ਨੂੰ ਇੰਝ ਅਨੁਭਵ ਹੁੰਦਾ ਜਿਵੇ ਉਹ ਸਵਰਗ ਵਿਚ ਆ ਗਿਆ ਹੋਵੇ। ਅੰਮ੍ਰਿਤਸਰ ਨਾ ਕੋਈ ਟੈਕਸ ਦੇਣਾ ਪੈਂਦਾ ਸੀ, ਨਾ ਕਿਸੇ ਪ੍ਰਕਾਰ ਦਾ ਜਜ਼ੀਆ ਅਦਾ ਕਰਨਾ ਪੈਂਦਾ ਸੀ। ਇਕ ਹੋਰ ਵੀ ਵਿਸ਼ੇਸ਼ ਗੱਲ ਸੀ ਕਿ ਅੰਮ੍ਰਿਤਸਰ ਵਿਚ ਨਾ ਪੁਲਿਸ ਸੀ ਅਤੇ ਨਾ ਕੋਈ ਥਾਣਾ ਸੀ। ਸ਼ਹਿਰ ਦੇ ਮਾਲਕ ਗੁਰੂ ਰਾਮਦਾਸ ਸਨ ਜਿਹੜੇ ਸ਼ਾਂਤੀ ਦੇ ਅਵਤਾਰ ਸਨ। ਉਹ ਕਿਸੇ ਨੂੰ ਦੰਡ ਨਹੀਂ ਸੀ ਦਿੰਦੇ ਬਲਕਿ ਰਹਿਮਤਾਂ ਵੰਡਦੇ ਸਨ।

ਹਰੀ ਦਾਸ ਨਾਮੀ ਇਕ ਕਵੀ ਲਿਖਦਾ ਹੈ ਕਿ ਜਦ ਅੰਮ੍ਰਿਤਸਰ ਅਤੇ ਸਵਰਗ ਨੂੰ ਤਕੜੀ ਦੇ ਦੋਵਾਂ ਛਾਬਿਆਂ ਵਿਚ ਪਾ ਕੇ ਤੋਲਿਆ ਗਿਆ ਤਾਂ ਅੰਮ੍ਰਿਤਸਰ ਭਾਰਾ ਹੋਣ ਕਰਕੇ ਹੇਠਾਂ ਧਰਤੀ 'ਤੇ ਆ ਗਿਆ ਤੇ ਸਵਰਗ ਹੌਲਾ ਹੋਣ ਕਰਕੇ ਉੱਪਰ ਅਕਾਸ਼ਾਂ 'ਤੇ ਚੜ੍ਹ ਗਿਆ।

*ਅੰਮ੍ਰਿਤਸਰ ਵੈਕੁੰਠ ਕੋ ਤੋਲਿਓ ਹਰੀ ਹਰੀ ਦਾਸ।*
*ਗੋਰੋ ਹੁਤੋ ਧਰ ਰਹਿਓ, ਹੋਰੋ ਚੜਿਓ ਅਕਾਸ਼।*

ਇਕ ਵਾਰ ਦੀ ਗੱਲ ਹੈ ਕਿ ਸੋਮਾ ਸ਼ਾਹ ਨਾਮੀ ਇਕ ਵਪਾਰੀ ਸਵਰਗ ਰੂਪੀ ਅੰਮ੍ਰਿਤਸਰ ਨੂੰ ਵੇਖਣ ਵਾਸਤੇ ਜਿਹਲਮ ਤੋਂ ਚਲ ਕੇ ਆਇਆ। ਜਿਹਲਮ ਵਿਚ ਉਸ ਦਾ ਚੰਗਾ ਕਾਰੋਬਾਰ ਚਲਦਾ ਸੀ। ਪਰ ਜਦ ਉਸ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਅਤੇ ਸ਼ਹਿਰ ਵਾਸੀਆਂ ਦਾ ਮੇਲ ਮਿਲਾਪ ਵੇਖਿਆ ਤਾਂ ਉਸ ਦਾ ਮੁੜ ਅੰਮ੍ਰਿਤਸਰ ਛੱਡਣ ਨੂੰ ਜੀਅ ਨਾ ਕੀਤਾ। ਉਸ ਆਪਣੇ ਪਰਿਵਾਰ ਨੂੰ ਵੀ ਅੰਮ੍ਰਿਤਸਰ ਬੁਲਾ ਲਿਆ। ਆਪਣੇ ਜੀਵਨ ਨਿਰਬਾਹ ਲਈ ਉਸ ਸਰੋਵਰ ਦੇ ਲਾਗੇ ਦੁਕਾਨ ਪਾ ਲਈ। ਕੁਝ ਸਮੇਂ ਵਿਚ ਹੀ ਉਸਦੀ ਹੱਟੀ ਚੰਗੀ ਚੱਲ ਪਈ। ਪਰ ਉਹ ਬਹੁਤਾ ਲਾਲਚ ਨਹੀਂ ਸੀ ਕਰਦਾ। ਜਦ ਗੁਜ਼ਾਰੇ ਜੋਗੇ ਪੈਸੇ ਵੱਟ ਲੈਂਦਾ ਤਾਂ ਦੁਕਾਨ ਬੰਦ ਕਰਕੇ ਗੁਰੂ ਘਰ ਦੀ ਸੇਵਾ ਵਿਚ ਲੱਗ ਜਾਂਦਾ।

ਗੁਰੂ ਰਾਮਦਾਸ ਜੀ ਉਸ ਦਾ ਇਹ ਕਾਰ ਵਿਹਾਰ ਵੇਖਦੇ ਰਹਿੰਦੇ ਸਨ। ਇਕ ਦਿਨ ਗੁਰੂ ਜੀ ਉਸ ਦੀ ਦੁਕਾਨ 'ਤੇ ਗਏ ਅਤੇ ਕਿਹਾ, "ਸੋਮੇ ਸ਼ਾਹ ਅਜ ਕੀ ਕੁਝ ਵੱਟਿਆ ਹੈ?" ਸੋਮੇ ਸ਼ਾਹ ਨੇ ਓਸੇ ਵੇਲੇ ਝੁਕ ਕੇ ਗੁਰੂ ਜੀ ਨੂੰ ਪ੍ਰਣਾਮ ਕੀਤਾ ਅਤੇ ਜੋ ਕੁਝ ਵੀ ਵੱਟਿਆ ਸੀ ਗੁਰੂ ਜੀ ਨੂੰ ਭੇਟ ਕਰ ਦਿੱਤਾ।

ਗੁਰੂ ਜੀ ਨੇ ਉਹ ਸਾਰੀ ਰਕਮ ਮਜ਼ਦੂਰਾਂ ਵਿਚ ਵੰਡ ਦਿਤੀ। ਇਸ ਤਰ੍ਹਾਂ ਗੁਰੂ ਜੀ ਪੰਜ ਦਿਨ ਉਸ ਪਾਸ ਜਾਂਦੇ ਰਹੇ ਅਤੇ ਉਸ ਦੀ ਸਾਰੀ ਵੱਟਕ ਲੈ ਕੇ ਮਜ਼ਦੂਰਾਂ ਵਿਚ ਵੰਡ ਦਿੰਦੇ। ਪਰ ਸੋਮੇ ਸ਼ਾਹ ਨੇ ਇਸ ਗੱਲ ਦਾ ਬੁਰਾ ਨਾ ਮਨਾਇਆ।

ਉਹ ਖੁਸ਼ ਹੁੰਦਾ ਸੀ ਕਿ ਉਸ ਦੀ ਕਿਰਤ ਕਮਾਈ ਲੇਖੇ ਲੱਗ ਰਹੀ ਸੀ। ਜਦ ਛੇਵੇਂ ਦਿਨ ਗੁਰੂ ਜੀ ਉਸ ਪਾਸ ਗਏ ਤਾਂ ਉਸ ਝਟ ਸਾਰੀ ਵੱਟਕ ਇਕੱਠੀ ਕਰਕੇ ਗੁਰੂ ਜੀ ਨੂੰ ਆ ਫੜਾਈ। ਭਾਈ ਸੋਮੇ

ਸ਼ਾਹ ਦੇ ਇਸ ਸਬਰ-ਸੰਤੋਖ ਨੂੰ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਉਸ ਨੂੰ ਵਰ ਦਿੱਤਾ ਅਤੇ ਇਹ ਸ਼ਬਦ ਕਹੇ—

*ਸੋਮਾ ਸ਼ਾਹ, ਬੇਪ੍ਰਵਾਹ, ਗੁਰੂ ਕਾ ਸ਼ਾਹ ।*

ਗੁਰੂ ਜੀ ਦੇ ਵਰ ਸਦਕਾ ਉਸਦੀ ਕਮਾਈ ਵਿਚ ਏਨੀ ਬਰਕਤ ਪਈ ਕਿ ਸੋਮੇ ਸ਼ਾਹ ਅੰਮ੍ਰਿਤਸਰ ਦਾ ਇਕ ਵੱਡਾ ਸ਼ਾਹ ਬਣ ਗਿਆ। ਉਸਦਾ ਪੁੱਤਰ ਰਾਮ ਸ਼ਾਹ ਵੀ ਗੁਰੂ ਜੀ ਦੇ ਪ੍ਰਮੁੱਖ ਸਿੱਖਾਂ ਵਿਚ ਗਿਣਿਆ ਜਾਂਦਾ ਸੀ। ਗੁਰੂ ਅਰਜਨ ਦੇਵ ਜੀ ਨੇ ਰਾਮ ਸ਼ਾਹ ਨੂੰ ਮੁਲਤਾਨ ਦਾ ਪ੍ਰਚਾਰਕ ਥਾਪਿਆ ਸੀ ਜਿਥੇ ਉਸ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ। ਬਾਅਦ ਵਿਚ ਰਾਮ ਸ਼ਾਹ ਦਾ ਪੋਤਰਾ ਮੇਹਰ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਬੜਾ ਉੱਘਾ ਸਿੱਖ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਨੇ ਬੇਸ਼ਕ ਮਸੰਦਾਂ ਦੀ ਪ੍ਰੰਪਰਾ ਬੰਦ ਕਰ ਦਿੱਤੀ ਸੀ, ਪਰ ਮੇਹਰ ਸ਼ਾਹ ਜਿਹੜਾ ਬਾਅਦ ਵਿਚ ਅੰਮ੍ਰਿਤ ਛੱਕ ਕੇ ਮੇਹਰ ਸਿੰਘ ਬਣਿਆ, ਮੁਲਤਾਨ ਦੇ ਇਲਾਕੇ ਵਿਚੋਂ ਉਗਰਾਹੀ ਕਰਕੇ ਗੁਰੂ ਜੀ ਪਾਸ ਪਹੁੰਚਾਉਂਦਾ ਰਿਹਾ। ਗੁਰੂ ਜੀ ਨੇ ਉਸ ਦੀ ਨੇਕ ਕਮਾਈ 'ਤੇ ਪ੍ਰਸੰਨ ਹੋ ਕੇ ਉਸ ਨੂੰ 'ਬਖ਼ਸ਼ੰਦ ਫ਼ਰਜ਼ੰਦ' ਦਾ ਖ਼ਿਤਾਬ ਦਿੱਤਾ ਸੀ।



# ਮੁਲਤਾਨ ਦਾ ਰਾਜਾ

ਅੰਮ੍ਰਿਤ ਸਰੋਵਰ ਦੀ ਮਹਿਮਾ ਅਪਰ ਅਪਾਰ ਸੀ। ਜਿਹੜਾ ਇਹ ਸੁਣਦਾ ਕਿ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਨ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ, ਉਹ ਹੀ ਅੰਮ੍ਰਿਤਸਰ ਵੱਲ ਚੱਲ ਪੈਂਦਾ। ਲੋਕ ਗੰਗਾ ਇਸ਼ਨਾਨ ਵਿਸਰਦੇ ਜਾ ਰਹੇ ਸਨ। ਗਵਾਲ ਕਵੀ ਲਿਖਦਾ ਹੈ, "ਸੁਰਪੁਰੀ ਵਿਚ ਜਿਹੜਾ ਅੰਮ੍ਰਿਤ ਹੈ ਉਹ ਬੜੀ ਮੁਸ਼ਕਿਲ ਨਾਲ ਮਿਲਦਾ ਹੈ, ਪਰ ਅੰਮ੍ਰਿਤ ਸਰੋਵਰ ਵਿਚ ਇਹ ਹਰ ਸਮੇਂ ਮਿਲਦਾ ਹੈ। ਇਹ ਕਹਿੰਦੇ ਹਨ ਕਿ ਸਵਰਗਪੁਰੀ ਦਾ ਅੰਮ੍ਰਿਤ ਪੀ ਕੇ ਅਮਰ ਹੋ ਜਾਈਦਾ ਹੈ, ਪਰ ਉਹ ਅੰਮ੍ਰਿਤ ਤਾਂ ਮੌਤ ਪਿਛੋਂ ਹੀ ਮਿਲਦਾ ਹੈ, ਅਤੇ ਪਤਾ ਨਹੀਂ ਮਿਲਦਾ ਵੀ ਹੈ ਕਿ ਨਹੀਂ। ਪਰ ਇਸ ਅੰਮ੍ਰਿਤ ਦੀ ਵਡਿਆਈ ਹੋਰ ਹੈ ਇਸ ਨੂੰ ਪੀ ਕੇ ਜੀਵਨ ਮੁਕਤੀ ਮਿਲਦੀ ਹੈ।"

ਇਸ ਤਰ੍ਹਾਂ ਭਾਈ ਨੰਦ ਲਾਲ ਜੀ ਨੇ ਵੀ ਕਿਹਾ ਹੈ ਕਿ ਗੰਗਾ ਵਿਚਾਰੀ ਅੰਮ੍ਰਿਤ ਸਰੋਵਰ ਦਾ ਕੀ ਮੁਕਾਬਲਾ ਕਰ ਸਕਦੀ ਹੈ। ਏਥੇ ਤਾਂ ਅਠਾਹਠ ਤੀਰਥ ਹੀ ਇਸ ਦੇ ਸੇਵਕ ਲੱਗਦੇ ਹਨ।

ਕਈ ਰਾਜੇ ਮਹਾਰਾਜੇ ਵੀ ਅੰਮ੍ਰਿਤ ਸਰੋਵਰ ਦੀ ਮਹਿਮਾ ਸੁਣ ਕੇ ਇਸ਼ਨਾਨ ਵਾਸਤੇ ਆਉਂਦੇ ਸਨ। ਕਿਹਾ ਜਾਂਦਾ ਹੈ ਕਿ ਇਕ ਵਾਰ ਮੁਲਤਾਨ ਦਾ ਰਾਜਾ ਵੀ ਅੰਮ੍ਰਿਤਸਰ ਇਸ਼ਨਾਨ ਕਰਨ ਆਇਆ। ਉਸ ਨੂੰ ਇਕ ਐਸਾ ਰੋਗ ਲੱਗਾ ਸੀ ਜਿਸਦਾ ਕੋਈ ਵੀ ਹਕੀਮ ਇਲਾਜ ਨਹੀਂ ਸੀ ਕਰ ਸਕਿਆ। ਜਦ ਸਾਰੇ ਹਕੀਮਾਂ ਨੇ ਜਵਾਬ ਦੇ ਦਿੱਤਾ ਤਾਂ ਉਸ ਨੇ ਆਪਣੇ ਦਰਬਾਰੀਆਂ ਨੂੰ ਪੁਛਿਆ ਕਿ ਕੀ ਕੋਈ ਮਹਾਂ ਪੁਰਖ ਇਸ ਦਾ ਇਲਾਜ ਕਰ ਸਕਦਾ ਹੈ? ਇਨ੍ਹਾਂ ਦਰਬਾਰੀਆਂ ਵਿਚ ਇਕ ਦਰਬਾਰੀ ਨੂੰ ਅੰਮ੍ਰਿਤਸਰ ਦੇ ਸਰੋਵਰ ਬਾਰੇ ਪਤਾ ਸੀ। ਉਸ ਰਾਜੇ ਨੂੰ ਦਸਿਆ ਕਿ ਜੇ ਅੰਮ੍ਰਿਤਸਰ ਜਾਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ ਜਾਵੇ ਤਾਂ ਸਾਰੇ ਦੁਖ ਦੂਰ ਹੋ ਜਾਂਦੇ ਹਨ। ਆਪ ਉਸ ਸਰੋਵਰ ਵਿਚ ਇਸ਼ਨਾਨ ਕਰੋ, ਹੋ ਸਕਦਾ ਹੈ ਆਪ ਦਾ ਰੋਗ ਵੀ ਕਟਿਆ ਜਾਵੇ।

ਰਾਜੇ ਨੇ ਓਸੇ ਵੇਲੇ ਅੰਮ੍ਰਿਤਸਰ ਜਾਣ ਦੀਆਂ ਤਿਆਰੀਆਂ ਕਰ ਦਿੱਤੀਆਂ। ਉਸ ਆਪਣੀਆਂ ਰਾਣੀਆਂ ਨੂੰ ਵੀ ਨਾਲ ਲਿਆ ਅਤੇ ਰਥਾਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਆ ਗਏ। ਉਹ ਅੰਮ੍ਰਿਤਸਰ ਸ਼ਹਿਰ ਨੂੰ ਵੇਖ ਕੇ ਹੈਰਾਨ ਰਹਿ ਗਿਆ। ਬਹੁਤ ਥੋੜੇ ਸਮੇਂ ਵਿਚ ਉਸਾਰਿਆ ਗਿਆ ਸ਼ਹਿਰ ਹਰ ਪਖੋਂ ਮੁਕੰਮਲ ਸੀ। ਹਰ ਜਿਨਸ ਦਾ ਵਖਰਾ ਅਤੇ ਖੁਲ੍ਹਾ ਬਜ਼ਾਰ ਸੀ। ਲੋਕ ਬਹੁਤ ਪ੍ਰਸੰਨ ਸਨ। ਕੋਈ ਲੜਾਈ ਝਗੜਾ ਅਤੇ ਬਖੇੜਾ ਨਹੀਂ ਸੀ।

ਜਦ ਉਹ ਸ਼ਹਿਰ ਦੇ ਵਿਚਕਾਰ ਅੰਮ੍ਰਿਤ ਸਰੋਵਰ ਤੇ ਪੁਜਾ ਤਾਂ ਕੰਢੇ ਤਕ ਭਰੇ ਸਰੋਵਰ ਦੇ ਨਿਰਮਲ ਜਲ ਨੂੰ ਵੇਖ ਕੇ ਉਸ ਨੂੰ ਆਤਮਕ ਸ਼ਾਂਤੀ ਨਸੀਬ ਹੋਈ। ਗੁਰੂ ਜੀ ਦੀ ਬਾਣੀ ਦਾ ਕੀਰਤਨ ਹੋ ਰਿਹਾ ਸੀ ਅਤੇ ਹਰ ਪਾਸੇ ਅਨੰਦਮਈ ਦ੍ਰਿਸ਼ ਸੀ।

ਉਸ ਦੇ ਸੇਵਕਾਂ ਨੇ ਉਸ ਨੂੰ ਸਰੋਵਰ ਵਿਚ ਇਸ਼ਨਾਨ ਕਰਵਾਇਆ। ਇਸ਼ਨਾਨ ਕਰਨ ਨਾਲ ਹੀ ਉਸ ਦੀ ਸੁਰਤ ਵਿਸਮਾਦ ਵਿਚ ਚਲੇ ਗਈ। ਉਸ ਨੇ ਵੇਖਿਆ ਕਿ ਉਸਦਾ ਸਰੀਰ ਹੌਲਾ ਫੁੱਲ

ਹੋ ਗਿਆ ਸੀ। ਉਸ ਨੇ ਆਪਣੀਆਂ ਰਾਣੀਆਂ ਅਤੇ ਸੇਵਕਾਂ ਨੂੰ ਕਿਹਾ, "ਮੈਂ ਬਿਲਕੁਲ ਠੀਕ ਹੋ ਗਿਆ ਹਾਂ, ਹੁਣ ਮੈਨੂੰ ਕੋਈ ਰੋਗ ਨਹੀਂ ਹੈ।"

ਉਸਦੀਆਂ ਰਾਣੀਆਂ ਅਤੇ ਸੇਵਕਾਂ ਨੂੰ ਬਹੁਤ ਖੁਸ਼ੀ ਹੋਈ। ਫਿਰ ਉਨ੍ਹਾਂ ਵੀ ਸਰੋਵਰ ਵਿਚ ਇਸ਼ਨਾਨ ਕੀਤਾ।

ਕੁਝ ਦੇਰ ਵਿਸ਼ਰਾਮ ਕਰਕੇ ਰਾਜਾ ਅਤੇ ਰਾਣੀਆਂ ਗੁਰੂ ਜੀ ਦੇ ਦਰਸ਼ਨਾਂ ਨੂੰ ਗਏ। ਉਸ ਨੇ ਗੁਰੂ ਜੀ ਅੱਗੇ ਕਾਰ ਭੇਟ ਰੱਖ ਕੇ ਮੱਥਾ ਟੇਕਿਆ। ਗੁਰੂ ਜੀ ਦੀ ਜਦ ਉਸ 'ਤੇ ਮਿਹਰ ਦੀ ਨਜ਼ਰ ਪਈ ਤਾਂ ਉਹ ਗੁਲਾਬ ਦੇ ਫੁੱਲ ਵਾਂਗ ਖਿੜ ਗਿਆ। ਉਸਦੇ ਚਿਹਰੇ ਤੇ ਰੌਣਕ ਆ ਗਈ। ਉਸ ਗੁਰੂ ਜੀ ਦਾ ਬਹੁਤ ਧੰਨਵਾਦ ਕੀਤਾ ਜਿਨ੍ਹਾਂ ਨੇ ਲੋਕਾਈ ਦੇ ਕਲਿਆਣ ਲਈ ਅਜਿਹਾ ਸਰੋਵਰ ਤਿਆਰ ਕੀਤਾ ਸੀ। ਰਾਜਾ ਗੁਰੂ ਸਾਹਿਬ ਤੋਂ ਏਨਾ ਪ੍ਰਭਾਵਤ ਹੋਇਆ ਕਿ ਉਹ ਕਈ ਦਿਨ ਅੰਮ੍ਰਿਤਸਰ ਠਹਿਰਿਆ ਅਤੇ ਨੇਮ ਅਨੁਸਾਰ ਕੀਰਤਨ ਸੁਣਦਾ ਅਤੇ ਇਸ਼ਨਾਨ ਕਰਦਾ।



# ਬਾਬਾ ਪ੍ਰਿਥੀ ਚੰਦ ਜੀ

ਬਾਬਾ ਪ੍ਰਿਥੀ ਚੰਦ ਗੁਰੂ ਰਾਮਦਾਸ ਜੀ ਦਾ ਵੱਡਾ ਸਾਹਿਬਜ਼ਾਦਾ ਸੀ। ਆਪ ਜੀ ਦਾ ਜਨਮ ਸੰਨ 1557 ਈਸਵੀਂ ਵਿਚ ਗੋਇੰਦਵਾਲ ਵਿਖੇ ਹੋਇਆ। ਆਪ ਛੋਟੀ ਉਮਰ ਤੋਂ ਬੜੇ ਚੰਚਲ, ਈਰਖਾਲੂ ਅਤੇ ਕੁਟਲ ਸੁਭਾਅ ਦੇ ਸਨ। ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਉਨ੍ਹਾਂ ਵਾਸਤੇ ਮੀਣਾ ਸ਼ਬਦ ਵਰਤਿਆ ਹੈ ਜਿਹੜਾ ਕਿ ਉਹਨਾਂ ਦੀ ਸ਼ਖਸੀਅਤ ਨੂੰ ਸਮਝਣ ਲਈ ਇਕ ਬਹੁਤ ਢੁਕਵਾਂ ਸ਼ਬਦ ਹੈ। ਪੰਜਾਬੀ ਵਿਚ ਮੀਣਾ ਉਸ ਵਿਅਕਤੀ ਨੂੰ ਕਹਿੰਦੇ ਹਨ ਜੋ ਵੇਖਣ ਨੂੰ ਤਾਂ ਬੜਾ ਭੋਲਾ ਭਾਲਾ ਅਤੇ ਮਾਸੂਮ ਲੱਗੇ, ਪਰ ਅੰਦਰੋਂ ਧੋਖੇਬਾਜ਼ ਅਤੇ ਕਪਟੀ ਹੋਵੇ। ਗੁਰੂ ਰਾਮਦਾਸ ਜੀ ਵੀ ਉਸ ਨੂੰ ਸਮਝਾਉਂਦੇ ਰਹਿੰਦੇ ਸਨ, ਪਰ ਉਸ ਉੱਤੇ ਕੋਈ ਅਸਰ ਨਹੀਂ ਸੀ ਹੁੰਦਾ।

ਜਦ ਗੁਰੂ ਜੀ ਅੰਮ੍ਰਿਤਸਰ ਸ਼ਹਿਰ ਅਤੇ ਸਰੋਵਰ ਵੀ ਉਸਾਰੀ ਕਰਵਾ ਰਹੇ ਸਨ ਤਾਂ ਉਹ ਸੰਗਤ ਵਲੋਂ ਆਈ ਕਾਰ ਭੇਟ ਵਿਚ ਹੇਰਾ-ਫੇਰੀ ਕਰ ਲੈਂਦਾ ਸੀ।

ਬਾਅਦ ਵਿਚ ਉਹ ਸਾਰੇ ਪ੍ਰਬੰਧ ਦਾ ਕਰਤਾ ਧਰਤਾ ਬਣ ਗਿਆ ਅਤੇ ਆਪਣੀ ਮਰਜ਼ੀ ਨਾਲ ਮਾਇਆ ਖਰਚਦਾ ਸੀ ਅਤੇ ਬਾਕੀ ਲੁਕਾ ਕੇ ਰੱਖ ਲੈਂਦਾ ਸੀ। ਉਸ ਦਾ ਗੁਰੂ ਜੀ ਮਾਤਾ ਭਾਨੀ ਜੀ ਅਤੇ ਭਰਾਵਾਂ ਨਾਲ ਕੋਈ ਸਨੇਹ ਨਹੀਂ ਸੀ। ਗੁਰੂ ਰਾਮਦਾਸ ਜੀ ਆਪਣੇ ਛੋਟੇ ਸਾਹਿਬਜ਼ਾਦੇ (ਗੁਰੂ) ਅਰਜਨ ਦੇਵ ਨੂੰ ਬਹੁਤ ਪਿਆਰ ਕਰਦੇ ਸਨ, ਇਸ ਕਰਕੇ ਉਹ (ਗੁਰੂ) ਅਰਜਨ ਦੇਵ ਦਾ ਵੀ ਵਿਰੋਧੀ ਹੋ ਗਿਆ ਸੀ।

ਉਹ ਚਾਹੁੰਦਾ ਸੀ ਕਿ ਕਿਸੇ ਵੀ ਢੰਗ ਨਾਲ ਗੁਰ-ਗੱਦੀ ਪ੍ਰਾਪਤ ਕੀਤੀ ਜਾਵੇ। ਉਹ ਏਨਾ ਹੰਕਾਰੀ ਹੋ ਗਿਆ ਸੀ ਕਿ ਉਹ ਸਮਝਦਾ ਸੀ ਕਿ ਗੁਰਿਆਈ ਨੂੰ ਵੀ ਉਹੀ ਚਲਾ ਰਿਹਾ ਸੀ। ਉਹ ਆਮ ਤੌਰ ਤੇ ਲੋਕਾਂ ਨੂੰ ਕਹਿੰਦਾ ਕਿ ਉਨ੍ਹਾਂ ਦੇ ਪਿਤਾ ਜੀ ਬਰਾਏ ਨਾਮ ਹੀ ਗੁਰੂ ਬਣੀ ਬੈਠੇ ਹਨ, ਸਾਰਾ ਕੰਮ-ਕਾਜ ਤਾਂ ਉਹੀ ਚਲਾ ਰਿਹਾ ਸੀ। ਉਸ ਨੂੰ ਕਈ ਵਾਰ ਇਹ ਸੰਕੇਤ ਮਿਲਦੇ ਸਨ ਕਿ ਗੁਰੂ ਰਾਮਦਾਸ ਜੀ ਗੁਰ-ਗੱਦੀ (ਗੁਰੂ) ਅਰਜਨ ਦੇਵ ਜੀ ਨੂੰ ਦੇਣਗੇ। ਇਸ ਲਈ ਉਸ ਸਾਰੇ ਮਸੰਦਾਂ ਨੂੰ ਅੰਦਰਖਾਤੇ ਆਪਣੇ ਵਲ ਕਰ ਲਿਆ ਅਤੇ ਉਨ੍ਹਾਂ ਨੂੰ ਕਿਹਾ ਕਿ ਦਸਵੰਧ ਦੀ ਸਾਰੀ ਉਗਰਾਹੀ ਉਹ ਉਸ ਨੂੰ ਲਿਆ ਕੇ ਦਿਆ ਕਰਨ।

ਜਦ ਗੁਰੂ ਜੀ ਨੇ ਉਸ ਨੂੰ ਲਾਹੌਰ ਜਾਣ ਦਾ ਆਦੇਸ਼ ਕੀਤਾ ਤਾਂ ਉਸ ਸਾਫ਼ ਨਾਂਹ ਕਰ ਦਿੱਤੀ ਕਿ ਮੇਰੇ ਪਾਸ ਸਮਾਂ ਨਹੀਂ ਹੈ। ਏਨੇ ਵੱਡੇ ਕਾਰੋਬਾਰ ਨੂੰ ਕੌਣ ਚਲਾਏਗਾ। ਜਦ ਗੁਰੂ ਜੀ ਦੂਸਰੇ ਸਾਹਿਬਜ਼ਾਦੇ ਬਾਬਾ ਮਹਾਂ ਦੇਵ ਨੇ ਵੀ ਲਾਹੌਰ ਜਾਣ ਤੋਂ ਨਾਂਹ ਕਰ ਦਿੱਤੀ ਤਾਂ (ਗੁਰੂ) ਅਰਜਨ ਦੇਵ ਜੀ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਜਾਣਾ ਪਿਆ। ਬਾਬਾ ਪ੍ਰਿਥੀ ਚੰਦ ਇਸ ਗੱਲ ਤੇ ਖੁਸ਼ ਸੀ ਕਿ (ਗੁਰੂ) ਅਰਜਨ ਦੇਵ ਦੇ ਦੂਰ ਰਹਿਣ ਨਾਲ ਉਸਨੂੰ ਗੁਰ-ਗੱਦੀ ਪ੍ਰਾਪਤ ਕਰਨੀ ਆਸਾਨ ਹੋਵੇਗੀ। ਜਦ (ਗੁਰੂ) ਅਰਜਨ ਦੇਵ ਨੂੰ ਲਾਹੌਰ ਕਾਫੀ ਸਮਾਂ ਲੱਗ ਗਿਆ ਤਾਂ ਉਨ੍ਹਾਂ ਗੁਰੂ ਜੀ ਨੂੰ ਮਿਲਣ ਵਾਸਤੇ

ਚਿਠੀਆਂ ਲਿਖੀਆਂ। ਪਰ ਬਾਬਾ ਪ੍ਰਿਥੀ ਚੰਦ ਇਨ੍ਹਾਂ ਚਿੱਠੀਆਂ ਨੂੰ ਵੀ ਲੁਕਾ ਲੈਂਦਾ ਸੀ ਤਾਂਕਿ (ਗੁਰੂ) ਅਰਜਨ ਦੇਵ ਅੰਮ੍ਰਿਤਸਰ ਨਾ ਆ ਸਕਣ।

ਪਰ ਅਖੀਰ ਉਸ ਦਾ ਪੋਲ ਖੁਲ੍ਹ ਗਿਆ ਅਤੇ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਅੰਮ੍ਰਿਤਸਰ ਬੁਲਾ ਕੇ ਗੁਰ-ਗੱਦੀ ਸੌਂਪ ਦਿੱਤੀ। ਬਾਬੇ ਪ੍ਰਿਥੀ ਚੰਦ ਨੇ ਇਸ ਦਾ ਵੀ ਬਹੁਤ ਵਿਰੋਧ ਕੀਤਾ।

ਜਦ ਗੁਰੂ ਰਾਮਦਾਸ ਜੀ ਗੋਇੰਦਵਾਲ ਜਾ ਕੇ ਜੋਤੀ ਜੋਤ ਸਮਾ ਗਏ ਤਾਂ ਉਸ ਗੁਰੂ ਅਰਜਨ ਦੇਵ ਤੇ ਇਹ ਦੋਸ਼ ਲਾ ਦਿੱਤਾ ਕਿ ਉਨ੍ਹਾਂ ਗੁਰੂ ਰਾਮਦਾਸ ਜੀ ਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਹੈ। ਪਰ ਉਸ ਦੀ ਕਿਸੇ ਨਾ ਸੁਣੀ।

ਗੁਰੂ ਅਰਜਨ ਦੇਵ ਜੀ ਨੂੰ ਵੀ ਉਹ ਬਾਅਦ ਵਿਚ ਤੰਗ ਕਰਦਾ ਰਿਹਾ। ਮਸੰਦਾਂ ਪਾਸੋਂ ਦਸਵੰਧ ਜ਼ਬਰਦਸਤੀ ਉਗਰਾ ਲੈਂਦਾ ਸੀ। ਜਦ (ਗੁਰੂ) ਹਰਿਗੋਬਿੰਦ ਸਾਹਿਬ ਦਾ ਜਨਮ ਹੋਇਆ ਤਾਂ ਉਸ ਨੂੰ ਮਾਰਨ ਦੇ ਵੀ ਉਸ ਕਈ ਕੋਝੇ ਯਤਨ ਕੀਤੇ। ਇਕ ਵਾਰ ਉਸ ਖਿਡਾਵੇ ਰਾਹੀਂ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਇਆ। ਫਿਰ ਉਸ (ਗੁਰੂ) ਹਰਿਗੋਬਿੰਦ ਸਾਹਿਬ ਦੇ ਇਕ ਦੋਸਤ ਰਾਹੀਂ ਜ਼ਹਿਰ ਦੇਣ ਦਾ ਪ੍ਰੋਗਰਾਮ ਬਣਾਇਆ, ਪਰ (ਗੁਰੂ) ਹਰਿਗੋਬਿੰਦ ਸਾਹਿਬ ਉਸ ਦੇ ਹਰ ਵਾਰ ਤੋਂ ਬੱਚ ਜਾਂਦੇ ਰਹੇ।



# ਬਾਬਾ ਮਹਾਂ ਦੇਵ ਜੀ

ਗੁਰੂ ਰਾਮਦਾਸ ਜੀ ਦੇ ਦੂਸਰੇ ਸਾਹਿਬਜ਼ਾਦੇ ਦਾ ਨਾਂ ਬਾਬਾ ਮਹਾਂਦੇਵ ਸੀ। ਆਪ ਜੀ ਬੜੀ ਛੋਟੀ ਉਮਰ ਤੋਂ ਹੀ ਬੜੇ ਮਸਤ ਸੁਭਾਅ ਦੇ ਸਨ। ਬੇਸ਼ਕ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹਰ ਪ੍ਰਕਾਰ ਦੀ ਵਿਦਿਆ ਪੜ੍ਹਾਈ, ਪਰ ਉਹ ਦੁਨਿਆਵੀ ਬੰਧਨਾਂ ਤੋਂ ਨਿਰਲੇਪ ਹੀ ਰਹਿੰਦੇ ਸਨ। ਦੁਨੀਆਂ ਤੋਂ ਉਪਰਾਮ ਹੋਣ ਕਰਕੇ ਉਨ੍ਹਾਂ ਦਾ ਕਿਸੇ ਨਾਲ ਸਨੇਹ ਨਹੀਂ ਸੀ। ਉਹ ਬੇ ਪ੍ਰਵਾਹ ਅਤੇ ਮਸਤ ਮੌਲਾ ਸਨ। ਉਨ੍ਹਾਂ ਨੂੰ ਨਾ ਲਥੀ ਦੀ ਸੀ ਨਾ ਚੜ੍ਹੀ ਦੀ। ਕਿਸੇ ਪਾਸੋਂ ਡਰਦੇ ਨਹੀਂ ਸਨ, ਕਿਸੇ ਸਿੱਖ-ਸੇਵਕ ਨੂੰ ਨਹੀਂ ਬੁਲਾਉਂਦੇ ਸਨ। ਜੇ ਕੋਈ ਸਿੱਖ ਗੁਰੂ ਜੀ ਦਾ ਸਾਹਿਬਜ਼ਾਦਾ ਹੋਣ ਕਰਕੇ ਪਿਆਰ ਨਾਲ ਬੁਲਾਉਂਦਾ ਸੀ ਅਤੇ ਕੋਈ ਵਸਤੂ ਉਪਹਾਰ ਦੇ ਤੌਰ 'ਤੇ ਦਿੰਦਾ ਸੀ ਤਾਂ ਉਹ ਉਪਹਾਰ ਨੂੰ ਵਗਾਹ ਮਾਰਦੇ ਸਨ ਅਤੇ ਜੋ ਵੀ ਮੂੰਹ ਵਿਚੋਂ ਨਿਕਲਦਾ ਸੀ ਬੋਲ ਦਿੰਦੇ ਸਨ। ਆਮ ਸੰਗਤ ਉਨ੍ਹਾਂ ਦੀ ਵਾਕਿਫ ਹੋ ਗਈ ਸੀ ਤੇ ਉਨ੍ਹਾਂ ਨੂੰ ਡਰਦਾ ਕੋਈ ਬੁਲਾਉਂਦਾ ਹੀ ਨਹੀਂ ਸੀ।

ਜਦ ਉਹ ਗਭਰੂ ਹੋਏ ਤਾਂ ਉਨ੍ਹਾਂ ਦੇ ਵਿਆਹ ਬਾਰੇ ਜਦ ਸੋਚ ਵਿਚਾਰ ਕੀਤੀ ਗਈ ਤਾਂ ਉਨ੍ਹਾਂ ਨੇ ਵਿਆਹ ਕਰਵਾਉਣ ਤੋਂ ਨਾਂਹ ਕਰ ਦਿੱਤੀ। ਉਹ ਕਹਿਣ ਲੱਗੇ ਕਿ ਉਹ ਤਾਂ ਬਾਲ ਜਤੀ ਹਨ ਇਨ੍ਹਾਂ ਦੁਨੀਆਂ ਦੇ ਝੰਬੇਲਿਆਂ ਨਾਲ ਉਨ੍ਹਾਂ ਦਾ ਕੋਈ ਸੰਬੰਧ ਨਹੀਂ।

ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਲਿਖਦੇ ਹਨ ਕਿ ਬਾਬਾ ਮਹਾਂਦੇਵ ਨੂੰ ਜਤੀ ਅਤੇ ਤਪੱਸਵੀ ਹੋਣ ਦਾ ਬਹੁਤ ਘੁਮੰਡ ਸੀ।

ਇਕ ਵਾਰ ਜਦ ਲਾਹੌਰ ਵਿਚ ਗੁਰੂ ਜੀ ਦੀ ਇਕ ਬ੍ਰਾਦਰੀ ਵਿਚੋਂ ਭਰਾ ਲੱਗਦੇ ਬਾਬਾ ਸਿਹਾਰੀ ਮਲ ਦੇ ਪੁੱਤਰ ਦੀ ਸ਼ਾਦੀ ਆਈ ਤਾਂ ਗੁਰੂ ਜੀ ਦੇ ਰਿਸ਼ਤੇਦਾਰ ਉਨ੍ਹਾਂ ਨੂੰ ਵਿਆਹ ਵਿਚ ਸ਼ਾਮਲ ਹੋਣ ਦੀ ਬੇਨਤੀ ਕਰਨ ਆਏ। ਪਰ ਗੁਰੂ ਸਾਹਿਬ ਇਹ ਜਾਣਦੇ ਸਨ ਕਿ ਉਹ ਵਿਆਹ ਵਿਚ ਹਾਜ਼ਰ ਹੋਏ ਤਾਂ ਲਾਹੌਰ ਦੀ ਸਾਰੀ ਸੰਗਤ ਆ ਜਾਵੇਗੀ ਤੇ ਵਿਆਹ ਦੀਆਂ ਰਸਮਾਂ ਨਿਬਾਹੁਣੀਆਂ ਕਠਨ ਹੋ ਜਾਣਗੀਆਂ। ਇਸ ਲਈ ਉਨ੍ਹਾਂ ਆਪਣੇ ਰਿਸ਼ਤੇਦਾਰਾਂ ਨੂੰ ਕਿਹਾ ਕਿ ਵਿਆਹ ਵਿਚ ਹਾਜ਼ਰੀ ਲਵਾਉਣ ਵਾਸਤੇ ਉਹ ਆਪਣੇ ਵੱਡੇ ਪੁੱਤਰ ਨੂੰ ਭੇਜਣਗੇ। ਪਰ ਜਦ ਉਨ੍ਹਾਂ ਦੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਬੁਲਾ ਕੇ ਕਿਹਾ ਤਾਂ ਉਹ ਸਾਫ਼ ਨਾਂਹ ਕਰ ਗਿਆ।

ਗੁਰੂ ਜੀ ਨੇ ਫਿਰ ਬਾਬਾ ਮਹਾਂ ਦੇਵ ਜੀ ਨੂੰ ਬੁਲਾਇਆ। ਗੁਰੂ ਜੀ ਨੇ ਸੋਚਿਆ ਕਿ ਪ੍ਰਿਥੀ ਚੰਦ ਤਾਂ ਇਹ ਬਹਾਨਾ ਲਾ ਗਿਆ ਹੈ ਕਿ ਉਸ ਪਾਸ ਬਹੁਤ ਕੰਮ ਹੋਣ ਕਰਕੇ ਵਿਹਲ ਨਹੀਂ, ਪਰ ਬਾਬਾ ਮਹਾਂ ਦੇਵ ਤਾਂ ਹਰ ਵੇਲੇ ਵਿਹਲਾ ਰਹਿੰਦਾ ਹੈ ਇਸ ਨੂੰ ਵਿਆਹ ਭੇਜ ਛੱਡਦੇ ਹਾਂ। ਉਨ੍ਹਾਂ ਮਹਾਂ ਦੇਵ ਨੂੰ ਬੁਲਾ ਕੇ ਬੜੇ ਪਿਆਰ ਨਾਲ ਕਿਹਾ, "ਸਾਡੇ ਰਿਸ਼ਤੇਦਾਰ ਦੇ ਘਰ ਵਿਆਹ ਹੈ ਸਾਨੂੰ ਉਸ ਵਿਚ ਜ਼ਰੂਰ ਸ਼ਾਮਲ ਹੋਣਾ ਚਾਹੀਦਾ ਹੈ, ਰਿਸ਼ਤੇਦਾਰਾਂ ਨੂੰ ਮਿਲਣ-ਗਿਲਣ ਨਾਲ ਅਣਪਤ ਬਣੀ ਰਹਿੰਦੀ ਹੈ। ਤੁਸੀਂ ਤਾਂ ਵਿਹਲੇ ਹੋ ਕੁਝ ਦਿਨ ਓਥੇ ਮੇਲਾ ਗੇਲਾ ਵੇਖ ਆਓ।"

ਪਰ ਮਹਾਂਦੇਵ ਗੁਰੂ ਜੀ ਦੇ ਇਹ ਵਾਕ ਸੁਣ ਕੇ ਬੜਾ ਖਿਝਿਆ ਅਤੇ ਬੜੇ ਕ੍ਰੋਧ ਵਿਚ ਆਕੇ ਉਹ ਕਹਿਣ ਲੱਗਾ," ਕੌਣ ਕੋਈ ਕਿਸੇ ਦਾ ਰਿਸ਼ਤੇਦਾਰ ਹੈ, ਮੈਂ ਨਹੀਂ ਕਿਸੇ ਰਿਸ਼ਤੇਦਾਰ ਨੂੰ ਜਾਣਦਾ ਅਤੇ ਨਾ ਹੀ ਮੈਂ ਕਿਸੇ ਨਾਲ ਸਾਂਝ ਵਧਾਉਣੀ ਚਾਹੁੰਦਾ ਹਾਂ। ਇਹ ਸਭ ਸਾਕ-ਸੰਬੰਧੀ ਮਤਲਬ ਦੇ ਹਨ। ਜੇ ਕੋਈ ਰਿਸ਼ਤੇਦਾਰ ਗ਼ਰੀਬ ਹੋਵੇ ਤਾਂ ਉਸ ਨੂੰ ਕੋਈ ਨਹੀਂ ਪੁਛਦਾ, ਪਰ ਜੇ ਰਿਸ਼ਤੇਦਾਰ ਅਮੀਰ ਹੋਵੇ ਤਾਂ ਉਸ ਦੀ ਚਾਪਲੋਸੀ ਕਰਦੇ ਹਨ ਤੇ ਉਸ ਨਾਲ ਸਾਂਝ ਬਣਾਉਣ ਵਿਚ ਬੜਾ ਫ਼ਖ਼ਰ ਅਨੁਭਵ ਕਰਦੇ ਹਨ। ਮੈਂ ਤਾਂ ਜਤੀ ਸਤੀ ਹਾਂ, ਮੇਰਾ ਕੋਈ ਰਿਸ਼ਤੇਦਾਰ, ਭੈਣ-ਭਰਾ ਨਹੀਂ। ਇਸ ਲਈ ਮੈਂ ਕਿਸੇ ਦੇ ਵਿਆਹ ਵਿਚ ਜਾਣ ਨੂੰ ਤਿਆਰ ਨਹੀਂ।"

ਜਦ ਬਾਬਾ ਮਹਾਂ ਦੇਵ ਨੇ ਨਾਂਹ ਕਰ ਦਿੱਤੀ ਤਾਂ (ਗੁਰੂ) ਅਰਜਨ ਦੇਵ ਨੂੰ ਹੀ ਲਾਹੌਰ ਭੇਜਣਾ ਪਿਆ।

ਬਾਬਾ ਮਹਾਂ ਦੇਵ ਬੇਸ਼ਕ ਪ੍ਰਿਥੀ ਚੰਦ ਦੀ ਚੁਕਣਾ ਵਿਚ ਆਕੇ ਅਬਾ ਤਬਾ ਬੋਲ ਜਾਂਦਾ ਸੀ। ਪਰ ਉਸ ਕਦੀ ਗੁਰ-ਗੱਦੀ ਪ੍ਰਾਪਤ ਕਰਨ ਦੀ ਖਾਹਿਸ਼ ਨਹੀਂ ਰਖੀ ਸੀ। ਉਸ ਦਾ ਮਸੰਦਾਂ ਨਾਲ ਵੀ ਕੋਈ ਸੰਬੰਧ ਨਹੀਂ ਸੀ ਅਤੇ ਪੈਸੇ ਦੀ ਉਹ ਬਿਲਕੁਲ ਪ੍ਰਵਾਹ ਨਹੀਂ ਸੀ ਕਰਦਾ।

ਇਸ ਤਰ੍ਹਾਂ ਇਕ ਤਰ੍ਹਾਂ ਨਾਲ ਉਹ ਮਾਇਆ ਤੋਂ ਨਿਰਲੇਪ ਸਾਧੂ ਮਹਾਤਮਾ ਸੀ। ਉਸ ਦੀ ਸਹਿਜ ਸੁਭਾਅ ਕਹੀ ਗੱਲ ਪੂਰੀ ਵੀ ਹੋ ਜਾਂਦੀ ਸੀ, ਇਸ ਲਈ ਕਈ ਲੋਕ ਉਨ੍ਹਾਂ ਪਾਸੋਂ ਅਸ਼ੀਰਬਾਦ ਵੀ ਲੈਣ ਆਉਂਦੇ। ਜੇ ਉਹ ਪ੍ਰਸੰਨ ਚਿੱਤ ਹੁੰਦੇ ਤਾਂ ਵਰ ਦੇ ਦਿੰਦੇ ਅਤੇ ਜੇ ਗੁੱਸੇ ਵਿਚ ਹੁੰਦੇ ਤਾਂ ਗਾਲ੍ਹਾਂ ਦੀ ਝੜੀ ਲਾ ਦਿੰਦੇ।



# ਜੋਤੀ ਜੋਤ ਸਮਾ ਗਏ

(ਗੁਰੂ) ਅਰਜਨ ਦੇਵ ਜੀ ਵਿਆਹ ਵਿਚ ਸ਼ਾਮਲ ਹੋਣ ਲਈ ਲਾਹੌਰ ਗਏ ਹੋਏ ਸਨ। ਗੁਰੂ ਰਾਮਦਾਸ ਜੀ ਨੇ ਜਾਣ ਲਗਿਆਂ ਉਨ੍ਹਾਂ ਨੂੰ ਆਦੇਸ਼ ਕੀਤਾ ਸੀ ਕਿ ਜਦ ਤਕ ਗੁਰੂ ਜੀ ਆਪ ਉਨ੍ਹਾਂ ਨੂੰ ਨਾ ਬੁਲਾਉਣ ਉਹ ਲਾਹੌਰ ਵਿਖੇ ਹੀ ਠਹਿਰਨ। ਪਰ ਜਦ ਕਾਫੀ ਲੰਮੇ ਸਮੇਂ ਤਕ ਗੁਰੂ ਜੀ ਨੇ ਉਨ੍ਹਾਂ ਨੂੰ ਨਾ ਬੁਲਾਇਆ ਤਾਂ ਉਨ੍ਹਾਂ ਨੇ ਦੋ ਚਿੱਠੀਆਂ ਗੁਰੂ ਸਾਹਿਬ ਨੂੰ ਲਿਖੀਆਂ ਜਿਨ੍ਹਾਂ ਨੂੰ ਬਾਬਾ ਪ੍ਰਿਥੀ ਚੰਦ ਲੁਕਾ ਲੈਂਦਾ ਰਿਹਾ। ਅਖੀਰ ਤੀਸਰੀ ਚਿੱਠੀ ਗੁਰੂ ਜੀ ਨੂੰ ਮਿਲੀ। ਪਹਿਲੀਆਂ ਚਿੱਠੀਆਂ ਬਾਰੇ ਜਦ ਪ੍ਰਿਥੀ ਚੰਦ ਨੂੰ ਪੁਛਿਆ ਤਾਂ ਉਹ ਸਾਫ ਮੁਕਰ ਗਿਆ। ਪਰ ਉਸ ਦੇ ਘਰ ਦੀ ਤਲਾਸ਼ੀ ਲੈਣ ਉਤੇ ਉਹ ਚਿੱਠੀਆਂ ਮਿਲ ਗਈਆਂ। ਗੁਰੂ ਜੀ ਨੂੰ ਬਾਬਾ ਪ੍ਰਿਥੀ ਚੰਦ ਨੂੰ ਬਹੁਤ ਸ਼ਰਮਿੰਦਾ ਕੀਤਾ ਅਤੇ ਅਜਿਹੀ ਮਾੜੀ ਹਰਕਤ ਉੱਤੇ ਲਾਹਨਤ ਪਾਈ। ਫਿਰ ਉਨ੍ਹਾਂ ਓਸੇ ਵੇਲੇ ਬਾਬਾ ਬੁੱਢਾ ਜੀ ਨੂੰ ਪੰਜ ਸਿੱਖ ਦੇ ਕੇ ਲਾਹੌਰ ਭੇਜਿਆ ਕਿ ਉਹ (ਗੁਰੂ) ਅਰਜਨ ਦੇਵ ਜੀ ਨੂੰ ਲੈ ਕੇ ਆਉਣ। ਅੰਮ੍ਰਿਤਸਰ ਪੁੱਜੇ ਤਾਂ ਉਨ੍ਹਾਂ ਨੂੰ 28 ਅਗਸਤ 1581 ਨੂੰ ਗੱਦੀ ਦਾ ਵਾਰਿਸ ਥਾਪ ਦਿੱਤਾ, ਬਾਬਾ ਬੁੱਢਾ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਤਿਲਕ ਦੀ ਰਸਮ ਅਦਾ ਕੀਤੀ। ਫਿਰ ਗੁਰੂ ਰਾਮਦਾਸ ਜੀ ਨੇ ਤਿੰਨ ਪ੍ਰਕਰਮਾ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਮੱਥਾ ਟੇਕਿਆ। ਉਸ ਤੋਂ ਬਾਅਦ ਬਾਬਾ ਪ੍ਰਿਥੀ ਚੰਦ ਅਤੇ ਬਾਬਾ ਮਹਾਂ ਦੇਵ ਨੂੰ ਮੱਥਾ ਟੇਕਣ ਲਈ ਕਿਹਾ ਗਿਆ। ਬਾਬਾ ਪ੍ਰਿਥੀ ਚੰਦ ਪਹਿਲਾਂ ਤਾਂ ਕੁਝ ਤਿਲਮਿਲਾਏ ਪਰ ਗੁਰੂ ਸਾਹਿਬ ਦੇ ਕਹਿਣ ਉਤੇ ਉਨ੍ਹਾਂ ਵੀ ਮੱਥਾ ਟੇਕਿਆ। ਬਾਬਾ ਮਹਾਂ ਦੇਵ ਨੂੰ ਤਾਂ ਇਸ ਬਾਰੇ ਕੋਈ ਇਤਰਾਜ਼ ਨਹੀਂ ਸੀ। ਫਿਰ ਸਾਰੀ ਸੰਗਤ ਚਰਨੀਂ ਆ ਲੱਗੀ।

ਗੁਰੂ ਰਾਮਦਾਸ ਜੀ ਦੋ ਦਿਨ ਅੰਮ੍ਰਿਤਸਰ ਠਹਿਰ ਕੇ ਗੋਇੰਦਵਾਲ ਚਲੇ ਗਏ। ਗੁਰੂ ਅਰਜਨ ਦੇਵ ਬਾਬਾ ਬੁੱਢਾ ਜੀ ਅਤੇ ਮਾਤਾ ਭਾਨੀ ਜੀ ਵੀ ਉਨ੍ਹਾਂ ਦੇ ਨਾਲ ਸਨ। ਪਹਿਲੀ ਸਤੰਬਰ 1581 ਨੂੰ ਗੁਰੂ ਜੀ ਅੰਮ੍ਰਿਤ ਵੇਲੇ ਬਾਉਲੀ ਸਾਹਿਬ ਵਿਚ ਇਸ਼ਨਾਨ ਕਰਨ ਤੋਂ ਬਾਅਦ ਦੀਵਾਨ ਵਿਚ ਆ ਕੇ ਬੈਠ ਗਏ। ਫਿਰ ਉਨ੍ਹਾਂ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਾਸ ਬੁਲਾਇਆ ਅਤੇ ਫ਼ੁਰਮਾਇਆ, "ਤੁਸੀਂ ਹੁਣ ਚਾਰ ਗੁਰੂ ਸਾਹਿਬਾਨ ਦਾ ਰੂਪ ਹੋ, ਇਸ ਵਿਚ ਕੋਈ ਭਿੰਨਤਾ ਨਹੀਂ ਹੈ। ਤੁਸੀਂ ਹੁਣ ਸਿੱਖ ਸੰਗਤਾਂ ਦੀ ਅਗਵਾਈ ਕਰਨੀ ਹੈ ਅਤੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਹਰਿਮੰਦਰ ਸਾਹਿਬ ਦੀ ਉਸਾਰੀ ਕਰਨੀ ਹੈ।" ਫਿਰ ਉਨ੍ਹਾਂ ਸੰਗਤ ਨੂੰ ਸੰਬੋਧਨ ਕਰਕੇ ਕਿਹਾ, "ਸਾਡੇ ਹੁਣ ਪ੍ਰਭੂ ਵਿਚ ਵਿਲੀਨ ਹੋਣ ਦਾ ਸਮਾਂ ਆ ਗਿਆ ਹੈ। ਤੁਸੀਂ ਹੁਣ ਕਿਸੇ ਪ੍ਰਕਾਰ ਦਾ ਸੋਗ ਨਹੀਂ ਕਰਨਾ ਆਪਣਾ ਮਨ ਕੀਰਤਨ ਵਿਚ ਲਾਉਣਾ ਹੈ।"

ਫਿਰ ਉਨ੍ਹਾਂ ਮਾਤਾ ਭਾਨੀ ਅਤੇ ਬਾਬਾ ਬੁੱਢਾ ਜੀ ਨੂੰ ਆਪਣੇ ਪਾਸ ਬੁਲਾਇਆ। ਉਨ੍ਹਾਂ ਵਲ ਬੜੀਆਂ ਪ੍ਰੇਮ ਭਰੀਆਂ ਨਜ਼ਰਾਂ ਨਾਲ ਵੇਖਿਆ। ਕੁਝ ਸਮੇਂ ਬਾਅਦ ਸੰਗਤ ਨੇ ਵੇਖਿਆ ਕਿ ਗੁਰੂ ਜੀ ਦੀ ਜੋਤ, ਪ੍ਰਭੂ ਦੀ ਜੋਤ ਨਾਲ ਜਾ ਮਿਲੀ ਸੀ। ਉਸੇ ਵੇਲੇ ਕੀਰਤਨ ਆਰੰਭ ਹੋਇਆ। ਕਿਸੇ ਨੇ ਅਖਾਂ

ਵਿਚ ਅੱਥਰੂ ਨਾ ਲਿਆਂਦੇ। ਸਭ ਨੇ ਰੱਬੀ ਭਾਣਾ ਖੁਸ਼ੀ ਖੁਸ਼ੀ, ਪ੍ਰਵਾਨ ਕੀਤਾ।

ਅਗਲੇ ਦਿਨ ਦਰਿਆ ਬਿਆਸ ਦੇ ਕੰਢੇ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ।



# ਸਾਡੇ ਵਲੋਂ ਛਾਪੀਆਂ ਗਈਆਂ ਬਾਲ ਸਾਹਿਤ ਦੀਆਂ ਹੋਰ ਪੁਸਤਕਾਂ

| ਲੜੀ ਨੰ: | ਪੁਸਤਕ ਦਾ ਨਾਂ | ਲੇਖਕ ਦਾ ਨਾਂ |
|---|---|---|
| 1. | ਸਚਿਤਰ ਜੀਵਨ ਗੁਰੂ ਨਾਨਕ ਦੇਵ ਜੀ (ਐਲਬਮ) | ਡਾ. ਅਜੀਤ ਸਿੰਘ ਔਲਖ |
| 2. | ਸਚਿਤਰ ਜੀਵਨ ਗੁਰੂ ਅੰਗਦ ਦੇਵ ਜੀ | " " |
| 3. | ਸਚਿਤਰ ਜੀਵਨ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਦੇਵ ਜੀ ਅਤੇ ਗੁਰੂ ਰਾਮਦਾਸ ਜੀ (ਐਲਬਮ) | " " |
| 4. | ਸਚਿਤਰ ਜੀਵਨ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ (ਐਲਬਮ) | " " |
| 5. | ਸਚਿਤਰ ਜੀਵਨ ਗੁਰੂ ਗੋਬਿੰਦ ਸਿੰਘ ਜੀ (ਐਲਬਮ) | " " |
| 6. | ਸਚਿਤਰ ਹੇਮਕੁੰਟ ਸਾਹਿਬ ਪਰਬਤ ਦੀ ਯਾਤਰਾ | " " |
| 7. | ਸਚਿਤਰ ਅਰਦਾਸ | " " |
| 8. | ਸਚਿਤਰ ਦਸ ਗੁਰ ਦਰਸ਼ਨ | " " |
| 9. | ਪੰਜਾਬੀ ਵਰਣਮਾਲਾ | " " |
| 10. | ਪੰਜਾਬੀ ਵਰਣਮਾਲਾ ਡੀਲਕਸ | " " |
| 11. | ਜੀਵਨ ਔਕਸਫੋਰਡ ਡਿਕਸ਼ਨਰੀ (H.B) | " " |
| 12. | ਜੀਵਨ ਔਕਸਫੋਰਡ ਡਿਕਸ਼ਨਰੀ (P.B) | " " |
| 13. | ਜੀਵਨ ਔਕਸਫੋਰਡ ਅੰਗ੍ਰੇਜ਼ੀ ਪੰਜਾਬੀ ਟੀਚਰ | " " |
| 14. | ਜੀਵਨ ਅੰਗੇਜ਼ੀ ਪੰਜਾਬੀ ਟੀਚਰ ਛੋਟਾ | " " |
| 15. | ਪੰਜਾਬੀ ਅੰਗ੍ਰੇਜ਼ੀ ਕੋਸ਼ (H.B) | ਡਾ. ਕੁਲਬੀਰ ਸਿੰਘ ਕਾਂਗ |
| 16. | ਪੰਜਾਬੀ ਅੰਗ੍ਰੇਜ਼ੀ ਕੋਸ਼ (P.B) | " " |
| 17. | ਗੁਰੂ ਤੇ ਗੁਰਬਾਣੀ (ਬੱਚਿਆਂ ਵਾਸਤੇ ਪ੍ਰਸ਼ਨ-ਉਤਰ) | ਐਸ. ਜੇ. ਐਸ. ਪਾਲ |
| 18. | ਭੋਜਨ ਰਾਹੀਂ ਸਿਹਤ | ਕਵੀਰਾਜ ਹਰਨਾਮ ਦਾਸ |
| 19. | ਮੇਵੇ ਚਮਨ ਦੇ (ਹਾਸ ਰਸ) | ਚਮਨ ਗੋਬਿੰਦਪੁਰੀ |
| 20. | ਭੂਰੀ ਵਾਲੀ ਸਾਧਣੀ (ਹਾਸ ਰਸ) | ਪਿਆਰਾ ਸਿੰਘ ਨਿਰਛਲ |
| 21. | ਅਕਾਲੀ ਫੂਲਾ ਸਿੰਘ | ਪ੍ਰਿੰ. ਨਿਹਾਲ ਸਿੰਘ 'ਰਸ' |


ਮਿਲਣ ਦਾ ਪਤਾ :-

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ। ਫੋਨ : (0183) 2542346, 2547974, 2557973